# ਇਨਜਾਂਸਡ ਐਕਸੀਡੈਂਟ ਲਾਭ ਬਾਰੇ ਤੁਹਾਡੀ ਗਾਈਡ

ICBC

# ਇਹ ਗਾਈਡ ਤੁਹਾਡੀ ਸਹਾਇਤਾ ਕਿਵੇਂ ਕਰ ਸਕਦੀ ਹੈ

### 01 — ਡਾਕਟਰੀ ਅਤੇ ਨਿੱਜੀ ਖਰਚੇ

ਤੁਹਾਨੂੰ ਡਾਕਟਰੀ ਇਲਾਜ ਜਾਂ ਨਿੱਜੀ ਅਤੇ ਡਾਕਟਰੀ ਅਦਾਇਗੀਆਂ ਨਾਲ ਨਜਿੱਠਣ ਦੀ ਜ਼ਰੂਰਤ ਹੈ।

### 02 — ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ ਲਾਭ)

ਸੱਟਾਂ ਲੱਗਣ ਕਾਰਨ ਤੁਸੀਂ ਸੱਤ ਦਿਨਾਂ ਤੋਂ ਵਧੇਰੇ ਸਮੇਂ ਲਈ ਕੰਮ ਤੋਂ ਛੁੱਟੀ ਲੈ ਰਹੇ ਹੋ।

### 03 — ਕੇਅਰਗਿਵਰ (ਦੇਖਭਾਲ ਕਰਨ ਵਾਲੇ ਦੇ) ਖਰਚੇ

ਤੁਸੀਂ ਆਪਣੀਆਂ ਸੱਟਾਂ ਕਾਰਨ 16 ਸਾਲ ਤੋਂ ਘੱਟ ਉਮਰ ਦੇ ਬੱਚੇ ਜਾਂ ਆਪਣੇ 'ਤੇ ਨਿਰਭਰ ਕਿਸੇ ਬਾਲਗ ਵਿਅਕਤੀ ਦੀ ਦੇਖਭਾਲ ਨਹੀਂ ਕਰ ਸਕਦੇ।

### 04 — ਨਿੱਜੀ ਦੇਖਭਾਲ ਸਹਾਇਤਾ

ਤੁਹਾਨੂੰ ਆਪਣੀ ਦੇਖਭਾਲ ਅਤੇ ਬੁਨਿਆਦੀ ਘਰੇਲੂ ਕੰਮਾਂ ਵਿੱਚ ਸਹਾਇਤਾ ਦੀ ਜ਼ਰੂਰਤ ਹੈ।

### 05 — ਇਮਪੇਅਰਮੈਂਟ (ਸਰੀਰ ਦੇ ਕਿਸੇ ਅੰਗ ਜਾਂ ਕਾਰਜ ਕਰਨ ਦੀ ਸਮਰੱਥਾ ਨੂੰ ਨੁਕਸਾਨ)

ਟੱਕਰ ਦੇ ਨਤੀਜੇ ਵਜੋਂ ਤੁਹਾਡੇ ਵਿੱਚ ਪੱਕੀ ਇਮਪੇਅਰਮੈਂਟ ਪੈਦਾ ਹੋਈ ਹੈ (ਕਾਰਜ ਕਰਨ ਦੀ ਸਮਰੱਥਾ ਵਿੱਚ ਪੱਕਾ ਨੁਕਸਾਨ ਹੋਇਆ ਹੈ)।

### 06 — ਮੁੜ ਵਸੇਬਾ

ਤੁਹਾਨੂੰ ਕੰਮ ਜਾਂ ਹੋਰ ਗਤੀਵਿਧੀਆਂ 'ਤੇ ਵਾਪਸ ਜਾਣ ਵਿੱਚ ਸਹਾਇਤਾ ਦੀ ਜ਼ਰੂਰਤ ਹੈ।

### 07 — ਗੰਭੀਰ ਅਤੇ ਜੀਵਨ ਬਦਲਣ ਵਾਲੀਆਂ ਸੱਟਾਂ

ਟੱਕਰ ਕਾਰਨ ਤੁਹਾਨੂੰ ਘਾਤਕ ਸੱਟਾਂ ਲੱਗੀਆਂ ਹਨ।

### 08 — ਵਿਵਾਦ ਅਤੇ ਪਾਬੰਦੀਆਂ

ਤੁਸੀਂ ਆਪਣੇ ਲਾਭ ਦੇ ਫੈਸਲੇ ਦੀ ਹੋਰ ਸਮੀਖਿਆ ਚਾਹੁੰਦੇ ਹੋ ਜਾਂ ਇਹ ਜਾਨਣਾ ਚਾਹੁੰਦੇ ਹੋ ਕਿ ਕਿਹੜੀਆਂ ਹਾਲਾਤਾਂ ਕਾਰਨ ਤੁਹਾਡੇ ਲਾਭ ਘੱਟ ਜਾਂ ਰੁੱਕ ਸਕਦੇ ਹਨ।

# ਤਤਕਰਾ

## 00


05 **ਸੈਕਸ਼ਨ**

05 ਕਲੇਮ ਦੀ ਜਾਣਕਾਰੀ

06 ਬੀ.ਸੀ. ਦਾ ਕਾਨੂੰਨ ਇਨਹਾਂਸਡ ਕੇਅਰ ਇੰਸ਼ੋਰੈਂਸ ਨੂੰ ਕਿਵੇ ਪਰਿਭਾਸ਼ਿਤ ਕਰਦਾ ਹੈ

06 ਇਹ ਗਾਈਡ ਅਤੇ ਕਾਨੂੰਨ

06 ਇਨਹਾਂਸਡ ਐਕਸੀਡੈਂਟ ਲਾਭ ਨਾਲ ਸ਼ੁਰੂਆਤ ਕਰਨਾ


## 01


07 **ਡਾਕਟਰੀ ਅਤੇ ਨਿੱਜੀ ਖਰਚੇ**

08 ਸਾਡਾ ਟੀਚਾ ਤੁਹਾਡੀ ਰਿਕਵਰੀ ਹੈ

08 ਡਾਕਟਰੀ ਖਰਚੇ

09 ਦਵਾਈਆਂ ਅਤੇ ਡਾਕਟਰੀ ਸਪਲਾਈਆਂ

09 ਐਂਬੂਲੈਂਸ ਦੇ ਖਰਚੇ

09 ਕਿਸੇ ਗੰਭੀਰ ਦੇਖਭਾਲ ਦੀ ਜ਼ਰੂਰਤ ਵਾਲੇ ਨੂੰ ਸਹਾਇਤਾ ਦੇਣ ਲਈ ਕਵਰੇਜ

10 ਇਲਾਜ ਜਾਂ ਡਾਕਟਰੀ ਅਪੁਆਇੰਟਮੈਂਟਾਂ ਲਈ ਆਉਣ-ਜਾਣ ਦੇ ਖਰਚੇ

11 ਵਿਸ਼ੇਸ਼ ਉਪਕਰਣ

11 ਮਨੋਰੰਜਨ ਲਾਭ

11 ਡਾਕਟਰੀ ਅਤੇ ਨਿੱਜੀ ਖਰਚਿਆਂ ਦੇ ਕਲੇਮਾਂ ਲਈ ਉਪਯੋਗੀ ਸੁਝਾਅ

11 ਹੋਰ ਲਾਭਾਂ ਅਤੇ ਇੰਸ਼ੋਰੈਂਸ ਤੋਂਕਲੇਮ ਕਰਨਾ


## 02


12 **ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ**

14 ਅਸੀਂ ਤੁਹਾਡੇ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਦਾ ਹਿਸਾਬ ਕਿਵੇਂ ਲਗਾਉਂਦੇ ਹਾਂ

17 ਵੱਧ ਤੋਂ ਵੱਧ ਸਾਲਾਨਾ ਬੀਮਾਯੋਗ ਰਕਮ

17 ਵਰਕਸੇਫ ਬੀ.ਸੀ. ਦੀਆਂ ਅਦਾਇਗੀਆਂ

17 ਨਾਬਾਲਗਾਂ ਲਈ ਕਵਰੇਜ

18 ਵਿਦਿਆਰਥੀਆਂ ਲਈ ਕਵਰੇਜ

19 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਕਵਰੇਜ

19 ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਕੌਣ ਪ੍ਰਾਪਤ ਕਰ ਸਕਦਾ ਹੈ?

20 ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਲਈ ਤੁਹਾਡੀ ਯੋਗਤਾ ਨੂੰ ਸਮਝਣਾ

21 ਪਾਰਟ-ਟਾਈਮ, ਆਰਜ਼ੀ ਕੰਮ ਕਰਨ ਵਾਲਿਆਂ ਜਾਂ ਕਮਾਈ ਨਾ ਕਰਨ ਵਾਲਿਆਂ ਲਈ ਟੱਕਰ ਹੋਣ ਤੋਂ 181 ਦਿਨਾਂ ਬਾਅਦ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ

21 ਟੱਕਰ ਤੋਂ ਦੋ ਸਾਲ ਬਾਅਦ ਕਮਾਈ ਦੀ ਬਚੀ ਸਮਰੱਥਾ

23 ਇਨਕਮ ਰਿਪਲੇਸਮੈਂਟ ਲਾਭ ਕਦੋਂ ਖਤਮ ਹੁੰਦਾ ਹੈ?

24 ਹੌਲੀ ਹੌਲੀ ਕੰਮ 'ਤੇ ਵਾਪਸ ਆਉਣਾ

24 ਟੱਕਰ ਹੋਣ ਕਾਰਨ ਦੁਬਾਰਾ ਵਾਪਰਨ ਵਾਲੀਆਂ ਸਥਿਤੀਆਂ

24 ਇਨਕਮ ਰਿਲਪੇਸਮੈਂਟ ਲਾਭ ਦੇ ਕਲੇਮਾਂ ਲਈ ਲਾਭਦਾਇਕ ਸੁਝਾਅ

24 ਰਿਟਾਇਰਮੈਂਟ ਇਨਕਮ ਲਾਭ

# 03


## 26 ਕੇਅਰਗਿਵਰ (ਦੇਖਭਾਲ ਕਰਨ ਵਾਲੇ ਦੇ) ਲਾਭ

27 ਫੁੱਲ ਟਾਈਮ ਕੇਅਰਗਿਵਰ(ਦੇਖਭਾਲ ਕਰਨ ਵਾਲਾ)

27 ਕੇਅਰਗਿਵਰ ਹਫਤਾਵਾਰੀ ਲਾਭ (ਹਰ ਦੋ ਹਫਤਿਆਂ ਵਿੱਚ ਭੁਗਤਾਨ)

28 ਕੇਅਰਗਿਵਰ ਹਫਤਾਵਾਰੀ ਲਾਭ ਰਾਸ਼ੀ

28 ਪਾਰਟ ਟਾਈਮ ਕੇਅਰਗਿਵਰ

29 ਦੇਖਭਾਲ ਦੇ ਖਰਚਿਆਂ ਦੀ ਵਾਪਸੀ ਲਈ ਕਵਰੇਜ

29 ਦੇਖਭਾਲ ਖਰਚੇ ਦੀ ਵੱਧ ਤੋਂ ਵੱਧ ਰਕਮ

29 ਦੇਖਭਾਲ ਖਰਚੇ ਦੀ ਵਾਪਸੀ ਦੇ ਕਲੇਮਾਂ ਲਈ ਉਪਯੋਗੀ ਸੁਝਾਅ


# 04


## 30 ਨਿੱਜੀ ਦੇਖਭਾਲ ਸਹਾਇਤਾ

32 ਤੁਹਾਡੀ ਸਹਾਇਤਾ ਕੌਣ ਕਰ ਸਕਦਾ ਹੈ

32 ਰੋਜ਼ਮਰ੍ਹਾ ਦੇ ਜੀਵਨ ਦੀਆਂ ਕਿਰਿਆਵਾਂ ਵਿੱਚ ਸਹਾਇਤਾ ਲਈ ਤੁਹਾਡੀ ਜ਼ਰੂਰਤ ਦਾ ਮੁਲਾਂਕਣ ਕਰਨਾ

32 ਨਿੱਜੀ ਦੇਖਭਾਲ ਸਹਾਇਤਾ ਦੇ ਕਲੇਮਾਂ ਲਈ ਉਪਯੋਗੀ ਸੁਝਾਅ


# 05


## 33 ਪੱਕੀ ਇਮਪੇਅਰਮੈਂਟ (ਸਰੀਰ ਦੇ ਕਿਸੇ ਅੰਗ ਜਾਂ ਕਾਰਜ ਕਰਨ ਦੀ ਸਮਰੱਥਾ ਨੂੰ ਹੋਇਆ ਪੱਕਾ ਨੁਕਸਾਨ)

36 ਇੱਕ ਤੋਂ ਵੱਧ ਇਮਪੇਅਰਮੈਂਟਾਂ ਅਤੇ ਪਹਿਲਾਂ ਤੋਂ ਮੌਜੂਦ ਇਮਪੇਅਰਮੈਂਟ

36 ਆਪਣੀ ਪੱਕੀ ਇਮਪੇਅਰਮੈਂਟ ਲਈ ਭੁਗਤਾਨ ਪ੍ਰਾਪਤ ਕਰਨਾ

36 ਪੱਕੀ ਇਮਪੇਅਰਮੈਂਟ ਦੇ ਕਲੇਮਾਂ ਲਈ ਉਪਯੋਗੀ ਸੁਝਾਅ


# 06


## 37 ਮੁੜ–ਵਸੇਬਾ

38 ਤੁਹਾਡੀ ਰਿਕਵਰੀ ਯੋਜਨਾ

38 ਮੈਂ ਕਿਸ ਕਿਸਮ ਦੀ ਰਿਕਵਰੀ ਸਹਾਇਤਾ ਦੀ ਉਮੀਦ ਕਰ ਸਕਦਾ ਹਾਂ?

38 ਕੀ ਮੈਨੂੰ ਕੰਮ ’ਤੇ ਵਾਪਸ ਜਾਣ ਵਿੱਚ ਸਹਾਇਤਾ ਮਿਲੇਗੀ?

39 ਤੁਹਾਡੇ ਘਰ ਵਿੱਚ ਪਰਿਵਰਤਨ

39 ਤੁਹਾਡੇ ਵਾਹਨ ਵਿੱਚ ਪਰਿਵਰਤਨ


# 07


## 40 ਘਾਤਕ ਸੱਟਾਂ

41 ਯਾਤਰਾ ਅਤੇ ਰਿਹਾਇਸ਼

41 ਖਾਸ ਸਥਿਤੀਆ ਵਿੱਚ ਅਦਾਇਗੀਆਂ


# 08


## 42 ਵਿਵਾਦ ਅਤੇ ਪਾਬੰਦੀਆਂ

42 ਵਿਵਾਦ

42 ਵਿਵਾਦਾਂ ਲਈ ਹੋਰ ਚੋਣਾਂ

43 ਅਪਰਾਧਿਕ ਦੋਸ਼-ਸਿੱਧੀਆਂ ਲਈ ਪਾਬੰਦੀਆਂ

44 ਪਾਬੰਦੀਆਂ ਦੇ ਹੋਰ ਕਾਰਨ

45 ਸਾਨੂੰ ਸੰਪਰਕ ਕਰੋ

45 ਡਿਸਕਲੇਮਰ

# ਕਲੇਮ ਦੀ ਜਾਣਕਾਰੀ

ਟੱਕਰ ਦੀ ਤਾਰੀਖ

ਕਲੇਮ ਨੰਬਰ:

ਸਹਾਇਤਾ ਅਤੇ ਰਿਕਵਰੀ ਮਾਹਰ:

ਫੋਨ ਨੰਬਰ:

ਫੋਨ ਕਰਨ ਦਾ ਸਹੀ ਸਮਾਂ:

ਈਮੇਲ:

ਵਹੀਕਲ ਨੁਕਸਾਨ ਕਲੇਮ ਪ੍ਰਤੀਨਿਧ:

ਫੋਨ ਨੰਬਰ:

ਫੋਨ ਕਰਨ ਦਾ ਸਹੀ ਸਮਾਂ:

ਈਮੇਲ:

# ਬੀ.ਸੀ. ਦਾ ਕਾਨੂੰਨ ਇਨਹਾਂਸਡ ਕੇਅਰ ਇੰਸ਼ੋਰੈਂਸ ਨੂੰ ਕਿਵੇ ਪਰਿਭਾਸ਼ਿਤ ਕਰਦਾ ਹੈ

ਦੂਸਰੀਆਂ ਇੰਸ਼ੋਰੈਂਸ ਪਾਲਸੀਆਂ ਦੇ ਉਲਟ ਜੋ ਤੁਸੀਂ ਨਿੱਜੀ ਕੰਪਨੀਆਂ ਤੋਂ ਖਰੀਦੀਆਂ ਹੋ ਸਕਦੀਆਂ ਹਨ, ਆਈ ਸੀ ਬੀ ਸੀ ਦੇ ਇਨਹਾਂਸਡ ਐਕਸੀਡੈਂਟ ਲਾਭ ਬੀ.ਸੀ. ਦੇ ਪਬਲਿਕ ਇੰਸ਼ੋਰੈਂਸ ਕਰਤਾ ਦੁਆਰਾ ਪ੍ਰਦਾਨ ਕੀਤੇ ਜਾਂਦੇ ਹਨ ਅਤੇ ਇਸ ਦੇ ਜ਼ਿਆਦਾਤਰ ਨਿਯਮ ਅਤੇ ਸ਼ਰਤਾਂ ਬ੍ਰਿਟਿਸ਼ ਕੋਲੰਬੀਆ ਦੇ ਕਾਨੂੰਨਾਂ ਵਿੱਚ ਮਿਲਦੀਆਂ ਹਨ।

ਇੰਸ਼ੋਰੈਂਸ (ਵਹੀਕਲ) ਐਕਟ, RSBC 1996 c. 231 ਅਤੇ ਇਸ ਦੇ ਨਿਯਮ ਲਾਭਾਂ ਲਈ ਕਵਰੇਜ ਅਤੇ ਯੋਗਤਾ ਦੀਆਂ ਕਿਸਮਾਂ ਨਿਰਧਾਰਤ ਕਰਦੇ ਹਨ। ਜਦੋਂ ਅਸੀਂ ਕਿਸੇ ਟੱਕਰ ਵਿੱਚ ਜ਼ਖਮੀ ਵਿਅਕਤੀ ਦੇ ਕਲੇਮ ਦਾ ਜਵਾਬ ਦਿੰਦੇ ਹਾਂ ਤਾਂ ਸਾਡੇ ਲਈ ਕਾਨੂੰਨ ਦਾ ਪਾਲਣ ਜ਼ਰੂਰੀ ਹੈ।

ਇੰਸ਼ੋਰੈਂਸ (ਵਹੀਕਲ) ਐਕਟ, RSBC 1996 c. 231 ਬ੍ਰਿਟਿਸ਼ ਕੋਲੰਬੀਆ ਦੇ ਰਿਵਾਈਜ਼ਡ ਸਟੈਚੂਜ਼ (R.S.B.C.) ਦਾ ਅਧਿਆਇ 231 ਹੈ।

**ਤਿੰਨ ਮੁੱਖ ਨਿਯਮ ਇਹ ਹਨ:**

- ਇਨਹਾਂਸਡ ਐਕਸੀਡੈਂਟ ਬੈਨੀਫਿਟਸ ਰੈਗੂਲੇਸ਼ਨ
- ਇਨਕਮ ਰਿਪਲੇਸਮੈਂਟ ਅਤੇ ਰਿਟਾਇਰਮੈਂਟ ਲਾਭ ਅਤੇ ਬੈਨੀਫਿਟਸ ਫਾਟ ਸਟੂਡੈਂਟਸ ਐਂਡ ਮਾਈਨਰਜ਼ ਰੈਗੂਲੇਸ਼ਨ
- ਪਰਮਾਨੈਂਟ ਇਮਪੇਅਰਮੈਂਟ ਰੈਗੂਲੇਸ਼ਨ

ਇਹ ਹਵਾਲਾ ਸਮੱਗਰੀ ਜ਼ਿਆਦਾਤਰ ਪਬਲਿਕ ਲਾਇਬ੍ਰੇਰੀਆਂ ਵਿੱਚ ਜਾਂ bclaws.gov.bc.ca 'ਤੇ ਆਨਲਾਈਨ ਉਪਲਬਧ ਹੈ।

# ਇਹ ਗਾਈਡ ਅਤੇ ਕਾਨੂੰਨ

ਇਹ ਗਾਈਡ ਇਨਹਾਂਸਡ ਐਕਸੀਡੈਂਟ ਬੈਨੀਫਿਟਸ ਦੇ ਤਹਿਤ ਉਪਲਬਧ ਕਵਰੇਜਾਂ ਅਤੇ ਲਾਭਾਂ ਬਾਰੇ ਦੱਸਦੀ ਹੈ।

ਇਹ ਗਾਈਡ ਕੀ ਕਹਿੰਦੀ ਹੈ ਅਤੇ ਕਾਨੂੰਨ ਕੀ ਕਹਿੰਦਾ ਹੈ, ਦੀ ਵਿਆਖਿਆ ਸੰਬੰਧੀ ਜੇ ਕੋਈ ਮਤਭੇਦ ਪੈਦਾ ਹੁੰਦੇ ਹਨ, ਤਾਂ ਕਾਨੂੰਨ ਲਾਗੂ ਹੁੰਦਾ ਹੈ।

# ਇਨਹਾਂਸਡ ਐਕਸੀਡੈਂਟ ਲਾਭ ਨਾਲ ਸ਼ੁਰੂਆਤ ਕਰਨਾ

ਇਹ ਦੇਖਭਾਲ ਅਤੇ ਰਿਕਵਰੀ ਲਾਭਾਂ ਲਈ ਤੁਹਾਡੀ ਗਾਈਡ ਹੈ, ਜਿਹਨਾਂ ਦੀ ਤੁਸੀਂ ਇਨਹਾਂਸਡ ਕੇਅਰ ਨਾਲ ਉਮੀਦ ਕਰ ਸਕਦੇ ਹੋ। ਆਸ ਹੈ ਕਿ ਇਹ ਤੁਹਾਡੇ ਕਈ ਸਵਾਲਾਂ ਦੇ ਜਵਾਬ ਦੇ ਸਕਦੀ ਹੈ।

ਤੁਹਾਨੂੰ ਕਲੇਮ ਪ੍ਰਤੀਨਿਧੀ ਦੀ ਈਮੇਲ ਰਾਹੀਂ ਇਨਹਾਂਸਡ ਐਕਸੀਡੈਂਟ ਲਾਭ ਅਰਜ਼ੀ ਫਾਰਮ (CL22) ਮਿਲ ਗਿਆ ਹੋਣਾ ਹੈ। ਜੇ ਨਹੀਂ, ਤਾਂ ਤੁਸੀਂ ਚਿਬਚ.ਚੋਮ ਤੋਂ download ਕਰ ਸਕਦੇ ਹੋ।

ਤੁਹਾਨੂੰ ਜਲਦੀ ਤੋਂ ਜਲਦੀ ਫਾਰਮ ਦੀ ਇੱਕ ਕਾਪੀ ਭਰ ਕੇ ਅਤੇ online claims service

**ਤੁਸੀਂ ਇਸ ਨੂੰ ਅੱਗੇ ਦਿੱਤੇ ਢੰਗਾਂ ਨਾਲ ਵੀ ਵਾਪਸ ਭੇਜ ਸਕਦੇ ਹੋ:**

**ਡਾਕ:** PO Box 2121, STN Terminal
Vancouver, B.C.
V6B 0L6

**ਫੈਕਸ:** 1-877-686-4222

**ਜੇ ਤੁਹਾਨੂੰ ਅਜੇ ਵੀ ਮਦਦ ਦੀ ਲੋੜ ਹੈ, ਕਿਰਪਾ ਕਰਕੇ ਆਪਣੇ ਸਹਾਇਤਾ ਅਤੇ ਰਿਕਵਰੀ ਮਾਹਰ ਨੂੰ ਸਿੱਧਾ ਫੋਨ ਕਰੋ ਜਾਂ ਸਾਡੇ ਨਾਲ ਸੰਪਰਕ ਕਰੋ:**

604-520-8222 (ਲੋਅਰ ਮੇਨਲੈਂਡ)
1-800-910-4222 (ਮੁਫਤ)

**ਕਿਰਪਾ ਕਰਕੇ ਨੋਟ ਕਰੋ:**

ਇਿਸ ਦਸਤਾਵੇਜ਼ ਵਿਚਲੀ ਸਾਰੀ ਲਾਭ ਰਾਸ਼ੀ 1 ਅਪ੍ਰੈਲ 2024 ਤੋਂ ਲਾਗੂ ਹੈ ਅਤੇ ਹਰ ਸਾਲ ਮਹਿੰਗਾਈ ਦਰ ਅਨੁਸਾਰ ਐਡਜਸਟ ਕੀਤੀ ਜਾਂਦੀ ਹੈ।

# ਸੈਕਸ਼ਨ 01

## ਡਾਕਟਰੀ ਅਤੇ ਨਿੱਜੀ ਖਰਚੇ

### ਤੁਹਾਡੀ ਕਵਰੇਜ

ਆਈ ਸੀ ਬੀ ਸੀ ਇਨਹਾਂਸਡ ਐਕਸੀਡੈਂਟ ਲਾਭ ਟੱਕਰ ਦੇ ਨਤੀਜੇ ਵਜੋਂ ਹੋਏ ਡਾਕਟਰੀ ਖਰਚਿਆਂ ਨੂੰ ਪੂਰਾ ਕਰਦੇ ਹਨ।ਵ

ਇਨਹਾਂਸਡ ਐਕਸੀਡੈਂਟ ਲਾਭ ਤੁਹਾਨੂੰ ਟੱਕਰ ਕਾਰਨ ਹੋਏ ਕੁਝ ਖ਼ਰਚੇ ਵੀ ਅਦਾ ਕਰਦੇ ਹਨ, ਜਿਹਨਾਂ ਵਿੱਚ ਡਾਕਟਰੀ ਇਲਾਜ ਨਾਲ ਜੁੜੇ ਯਾਤਰਾ ਦੇ ਖਰਚੇ ਵੀ ਸ਼ਾਮਲ ਹਨ। ਇਹ ਖਰਚੇ ਤੁਹਾਡੇ ਵੱਲੋਂ ਕਲੇਮ ਫਾਈਲ ਕਰਨ ਤੋਂ ਬਾਦ ਹੀ ਅਦਾ ਕੀਤੇ ਜਾ ਸਕਦੇ ਹਨ।

### ਮੁੱਖ ਨੁਕਤੇ

- ਅਸੀਂ ਤੁਹਾਡੀ ਸੱਟ ਜਾਂ ਟੱਕਰ ਦੇ ਨਤੀਜੇ ਵਜੋਂ ਲੱਗੀਆਂ ਸੱਟਾਂ ਨਾਲ ਸੰਬੰਧਿਤ ਡਾਕਟਰੀ, ਨਿੱਜੀ ਅਤੇ ਯਾਤਰਾ ਦੇ ਖਰਚਿਆਂ ਨੂੰ ਕਵਰ ਕਰਦੇ ਹਾਂ।
- ਜ਼ਿਆਦਾਤਰ ਮਾਮਲਿਆਂ ਵਿੱਚ ਅਸੀਂ ਡਾਕਟਰੀ ਪ੍ਰੈਕਟੀਸ਼ਨਰਾਂ ਅਤੇ ਕਈ ਹੋਰ ਸਿਹਤ ਸੰਭਾਲ ਦੇਣ ਵਾਲਿਆਂ ਨੂੰ ਸਿੱਧਾ ਭੁਗਤਾਨ ਕਰਦੇ ਹਾਂ। ਕਵਰ ਕੀਤੀਆਂ ਬਹੁਤੀਆਂ ਰਕਮਾਂ ਰੈਗੂਲੇਸ਼ਨ ਵਿੱਚ ਸਥਾਪਿਤ ਫੀਸਾਂ ਦੀ ਸੂਚੀ ਵਿੱਚ ਨਿਰਧਾਰਤ ਕੀਤੀਆਂ ਗਈਆਂ ਹਨ।
- ਅਸੀਂ ਉਸ ਡਾਕਟਰੀ ਇਲਾਜ ਲਈ ਭੁਗਤਾਨ ਜਾਂ ਅਦਾਇਗੀ ਕਰਦੇ ਹਾਂ ਜੋ ਤੁਹਾਡੀ ਰਿਕਵਰੀ ਅਤੇ ਮੁੜ ਵਸੇਬੇ ਵਿਚ ਯੋਗਦਾਨ ਪਾਉਂਦਾ ਹੈ।
- ਅਸੀਂ ਡਾਕਟਰੀ ਇਲਾਜ ਵਿੱਚ ਸ਼ਾਮਲ ਹੋਣ ਲਈ ਤੁਹਾਡੇ ਯਾਤਰਾ ਦੇ ਖਰਚਿਆਂ ਦੀ ਅਦਾਇਗੀ ਕਰ ਸਕਦੇ ਹਾਂ।
- ਡਾਕਟਰੀ ਅਤੇ ਨਿੱਜੀ ਖਰਚਿਆਂ ਲਈ ਕਲੇਮ ਜਮਾਂ ਕਰਨ ਵੇਲੇ ਤੁਹਾਨੂੰ ਆਪਣੀਆਂ ਅਸਲ ਰਸੀਦਾਂ ਦੀਆਂ ਕਾਪੀਆਂ ਸ਼ਾਮਲ ਕਰਨੀਆਂ ਚਾਹੀਦੀਆਂ ਹਨ। ਅਸਲ ਰਸੀਦਾਂ ਸ਼ਾਮਲ ਨਾ ਕਰੋ, ਕਿਉਂਕਿ ਉਹ ਵਾਪਸ ਨਹੀਂ ਕੀਤੀਆਂ ਜਾਣਗੀਆਂ। ਤੁਸੀਂ ਆਪਣੀਆਂ ਰਸੀਦਾਂ ਆਨਲਾਈਨ icbc.com/claims'ਤੇ ਜਮਾਂ ਕਰ ਸਕਦੇ ਹੋ।

**ਕਿਰਪਾ ਕਰਕੇ ਨੋਟ ਕਰੋ:**

ਕੋਈ ਵੀ ਡਾਕਟਰੀ ਇਲਾਜ ਜੋ ਟੱਕਰ ਨਾਲ ਸੰਬੰਧਿਤ ਨਹੀਂ ਹੈ, ਕਵਰ ਨਹੀਂ ਹੈ।

# ਸਾਡਾ ਟੀਚਾ ਤੁਹਾਡੀ ਰਿਕਵਰੀ ਹੈ

ਅਸੀਂ ਤੁਹਾਡੀ ਅਤੇ ਤੁਹਾਡੀ ਮੈਡੀਕਲ ਸਿਹਤ ਦੇਖਭਾਲ ਟੀਮ ਦੀ ਸਹਾਇਤਾ ਅਤੇ ਮਦਦ ਲਈ ਮੌਜੂਦ ਹਾਂ, ਜੋ ਤੁਹਾਡੀ ਸਿਹਤਯਾਬੀ ਵਿੱਚ ਸਹਾਇਤਾ ਲਈ ਇਲਾਜ ਲੱਭਣ ਲਈ ਕੰਮ ਕਰਦੇ ਹਨ। ਮੁੜ ਵਸੇਬਾ ਪ੍ਰੋਗਰਾਮ ਵਿਚ ਤੁਹਾਡੀ ਸਰਗਰਮ ਭਾਗੀਦਾਰੀ ਤੁਹਾਡੀ ਸਿਹਤਯਾਬੀ ਲਈ ਮਹੱਤਵਪੂਰਨ ਰੋਲ ਅਦਾ ਕਰੇਗੀ।

ਅਸੀਂ ਸਹਿਯੋਗੀ ਡਾਕਟਰੀ ਸਬੂਤਾਂ ਦੀ ਵਰਤੋਂ ਕਰਦੇ ਹੋਏ ਜ਼ਰੂਰੀ ਜਾਂ ਮੁਨਾਸਬ ਡਾਕਟਰੀ ਇਲਾਜ ਦੇ ਖਰਚਿਆਂ ਲਈ ਤੁਹਾਡੇ ਇਨਹਾਂਸਡ ਐਕਸੀਡੈਂਟ ਲਾਭ ਕਵਰੇਜ ਦੀ ਸਮੀਖਿਆ ਕਰਾਂਗੇ।

# ਡਾਕਟਰੀ ਖਰਚੇ

ਜਦੋਂ ਤੁਸੀਂ ਕਿਸੇ ਟੱਕਰ ਵਿੱਚ ਜ਼ਖਮੀ ਹੋ ਜਾਂਦੇ ਹੋ ਤਾਂ ਬੀ.ਸੀ. ਮੈਡੀਕਲ ਸਰਵਿਸ ਯੋਜਨਾ ਮੁੱਢਲੀ ਸਿਹਤ ਦੇਖਭਾਲ ਮੁਹੱਈਆ ਕਰਵਾਉਂਦੀ ਹੈ। ਜਦੋਂ ਤੁਹਾਨੂੰ ਪੂਰੀ ਤਰ੍ਹਾਂ ਠੀਕ ਹੋਣ ਲਈ ਵਧੇਰੇ ਇਲਾਜ ਦੀ ਜ਼ਰੂਰਤ ਹੁੰਦੀ ਹੈ, ਤਾਂ ਇਨਹਾਂਸਡ ਐਕਸੀਡੈਂਟ ਲਾਭ ਜ਼ਰੂਰੀ ਸਿਹਤ ਦੇਖਭਾਲ ਅਤੇ ਸੰਬੰਧਿਤ ਖਰਚੇ ਅਤੇ ਕੋਈ ਵੀ ਜ਼ਰੂਰੀ ਜਾਂ ਮੁਨਾਸਬ ਮੁੜ ਵਸੇਬੇ ਨੂੰ ਕਵਰ ਕਰਦੇ ਹਨ।

## ਡਾਕਟਰੀ ਇਲਾਜ

ਜਿੱਥੇ ਜ਼ਰੂਰੀ ਹੋਵੇ, ਤੁਸੀਂ ਟੱਕਰ ਤੋਂ ਤੁਰੰਤ ਬਾਅਦ ਪਹਿਲੇ 12 ਹਫ਼ਤਿਆਂ ਦੇ ਅੰਦਰ-ਅੰਦਰ ਹੇਠ ਲਿਖੇ ਇਲਾਜ ਦੇ ਯੋਗ ਹੋਵੋਗੇ:

| ਸਿਹਤ ਸੰਭਾਲ ਸੇਵਾਵਾਂ: | ਮੁਲਾਂਕਣ ਵਿਜ਼ਿਟ: | ਸਟੈਂਡਰਡ ਟਰੀਟਮੈਂਟ: |
|---|---|---|
| ਫਿਜ਼ਿਓਥੈਰੈਪੀ | $147 | $93 |
| ਕਾਇਰੋਪ੍ਰੈਕਟਿਕ | $112 | $61 |
| ਰਜਿਸਟਰਡ ਮੈਸਾਜ ਥੈਰੇਪੀ | $125 | $94 |
| ਕਿਨਸੀਓਲੋਜੀ | $114 | $92 |
| ਕਲੀਨੀਕਲ ਕੌਂਸਲਿੰਗ | $245 | $140 |
| ਸਾਈਕੋਲੋਜੀ | $398 | $228 |
| ਐਕਉਪੈਂਚਰ | $123 | $104 |

**ਕਿਰਪਾ ਕਰਕੇ ਨੋਟ ਕਰੋ:**

- ਕਿਰਪਾ ਕਰਕੇ ਆਪਣੇ ਚੁਣੇ ਹੋਏ ਪ੍ਰਦਾਤਾ ਨੂੰ ਪੁੱਛੋ ਕਿ ਕੀ ਉਹ ICBC ਨੂੰ ਸਿੱਧਾ ਬਿਲ ਭੇਜਦੇ ਹਨ ਅਤੇ ਉਹਨਾਂ ਦੀਆਂ ਦਰਾਂ ਕੀ ਹਨ। ਧਿਆਨ ਦਿਓ ਕਿ ICBC ਸਿਰਫ਼ ਸੂਚੀ ਵਿੱਚ ਦਰਜ ਰਕਮਾਂ ਦੀ ਹੀ ਅਦਾਇਗੀ ਕਰੇਗੀ।
- ਅਸੀਂ ਕਿਸੇ ਇਲਾਜ (ਜਾਂ ਸਾਰੇ ਇਲਾਜਾਂ) ਲਈ ਸੈਸ਼ਨਾਂ ਦੀ ਗਿਣਤੀ ਨਿਰਧਾਰਤ ਕਰ ਸਕਦੇ ਹਾਂ।
- ਪਹਿਲੇ 12 ਹਫ਼ਤਿਆਂ ਬਾਅਦ ਤੁਹਾਨੂੰ ਇਹ ਦੱਸਣਾ ਪਵੇਗਾ ਕਿ ਤੁਹਾਡੇ ਸਫਲਤਾਪੂਰਵਕ ਠੀਕ ਹੋਣ ਲਈ ਕੋਈ ਹੋਰ ਇਲਾਜ ਜ਼ਰੂਰੀ ਹਨ ਜਾਂ ਆਪਣੀ ਰਿਕਵਰੀ ਵਿੱਚ ਆਈ ਗਿਰਾਵਟ ਬਾਰੇ ਦੱਸਣਾ ਪਵੇਗਾ।

## ਦੰਦਾਂ ਦਾ ਇਲਾਜ

ਟੱਕਰ ਹੋਣ ਤੋਂ ਤੁਰੰਤ ਬਾਅਦ ਐਮਰਜੈਂਸੀ ਦੰਦਾਂ ਦੇ ਇਲਾਜ ਲਈ ਪਹਿਲਾਂ ਮਨਜ਼ੂਰੀ ਲੈਣ ਦੀ ਜ਼ਰੂਰਤ ਨਹੀਂ ਹੈ।ਪਰ ਜੇ ਤੁਹਾਡੀਆਂ ਸੱਟਾਂ ਲਈ ਦੰਦਾਂ ਦੇ ਵਾਧੂ ਇਲਾਜ ਦੀ ਜ਼ਰੂਰਤ ਹੋਵੇ, ਤਾਂ ਤੁਸੀਂ ਉਦੋਂ ਤੱਕ ਕਵਰ ਰਹੋਗੇ, ਜਦੋਂ ਤੱਕ ਕਿਸੇ ਵੀ ਕੰਮ ਦੀ ਪਹਿਲਾਂ ਮਨਜ਼ੂਰੀ ਲਈ ਗਈ ਹੋਵੇਗੀ।

**ਕਿਰਪਾ ਕਰਕੇ ਨੋਟ ਕਰੋ:**

ਤੁਹਾਡੇ ਇਨਹਾਂਸਡ ਐਕਸੀਡੈਂਟ ਲਾਭ ਦੇ ਹਿੱਸੇ ਵਜੋਂ ਦਿੱਤੀ ਗਈ ਦੰਦਾਂ ਦੀ ਕਵਰੇਜ, ਤੁਹਾਡੀ ਦੰਦਾਂ ਦੀ ਕਿਸੇ ਵੀ ਹੋਰ ਕਵਰੇਜ ਤੋਂ ਸੈਕੰਡਰੀ (ਦੂਜੇ ਪੱਧਰ ਦੀ) ਹੈ।

## ਆਪਣੇ ਸਹਾਇਤਾ ਅਤੇ ਰਿਕਵਰੀ ਮਾਹਰ ਨਾਲ ਚੈੱਕ ਕਰੋ

ਤੁਹਾਡਾ ਸਹਾਇਤਾ ਅਤੇ ਰਿਕਵਰੀ ਮਾਹਰ ਇਸ ਗੱਲ ਦੀ ਪੁਸ਼ਟੀ ਕਰ ਸਕਦਾ ਹੈ ਕਿ ਕੀ ਕੋਈ ਖਾਸ ਇਲਾਜ ਕਵਰ ਹੈ। ਜੇ ਸ਼ੱਕ ਹੋਵੇ, ਤਾਂ ਕਿਰਪਾ ਕਰਕੇ ਕੋਈ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਸਾਡੇ ਨਾਲ ਚੈੱਕ ਕਰੋ।

# ਦਵਾਈਆਂ ਅਤੇ ਡਾਕਟਰੀ ਸਪਲਾਈਆਂ

ਇਨਹਾਂਸਡ ਐਕਸੀਡੈਂਟ ਲਾਭ ਕਾਊਂਟਰ 'ਤੇ ਮਿਲਣ ਵਾਲੀਆਂ ਅਤੇ ਪ੍ਰਿਸਕ੍ਰਿਪਸ਼ਨ ਵਾਲੀਆਂ ਦਵਾਈਆਂ ਅਤੇ ਡਾਕਟਰੀ ਸਪਲਾਈਆਂ (ਜਿਵੇਂ ਕਿ ਪੱਟੀਆਂ, ਮਲ੍ਹਮਾਂ ਜਾਂ ਡਰੈਸਿੰਗਜ਼) ਦੀ ਲਾਗਤ ਨੂੰ ਪੂਰਾ ਕਰਦੇ ਹਨ, ਜਿਨ੍ਹਾਂ ਦੀ ਤੁਹਾਨੂੰ ਟੱਕਰ ਵਿੱਚ ਸੱਟਾਂ ਲੱਗਣ ਕਾਰਨ ਜ਼ਰੂਰਤ ਹੁੰਦੀ ਹੈ।

ਆਪਣੇ ਸਹਾਇਤਾ ਅਤੇ ਰਿਕਵਰੀ ਮਾਹਰ ਨਾਲ ਗੱਲ ਕਰੋ ਕਿ ਭੁਗਤਾਨ ਲਈ ਆਪਣੀਆਂ ਰਸੀਦਾਂ ਕਿਵੇਂ ਜਮਾਂ ਕਰਨੀਆਂ ਹਨ।

## ਮੈਡੀਕਲ ਉਪਕਰਣਾਂ ਦੇ ਖਰਚੇ

ਟੱਕਰ ਵਿੱਚ ਲੱਗੀਆਂ ਸੱਟਾਂ ਕਾਰਨ ਜ਼ਰੂਰੀ ਅਤੇ ਦੱਸੇ ਗਏ ਉਪਕਰਣਾਂ ਦੀ ਖਰੀਦ, ਕਿਰਾਏ, ਮੁਰੰਮਤ, ਬਦਲੀ, ਫਿਟਿੰਗ ਜਾਂ ਅਡਜਸਟ ਕਰਨ ਦੇ ਖਰਚੇ ਵੀ ਇਨਹਾਂਸਡ ਐਕਸੀਡੈਂਟ ਲਾਭ ਦੁਆਰਾ ਕਵਰ ਕੀਤੇ ਜਾਂਦੇ ਹਨ।

**ਪ੍ਰੋਸਥੀਸਿਸ (ਨਕਲੀ ਅੰਗਾਂ) ਅਤੇ ਆਰਥੋਸਿਸ (ਬ੍ਰੇਸਾਂ ਆਦਿ) ਦੇ ਖਰਚਿਆਂ ਵਿੱਚ ਸ਼ਾਮਲ ਹਨ:**

» ਐਨਕਾਂ ਅਤੇ ਕੋਨਟੈਕਟ ਲੈਂਜ਼

» ਹੇਅਰ ਪੀਸ

» ਡੈਂਚਰ ਅਤੇ ਫਿਕਸਡ ਪ੍ਰੋਸਥੀਸਿਸ

» ਪ੍ਰਿਸਕਰਾਈਬਡ ਜੁੱਤ

» ਪ੍ਰਿਸਕਰਾਈਬਡ ਐਪਲਾਈਨਸਿਜ਼, ਡਾਕਟਰੀ ਉਪਕਰਣ ਅਤੇ ਕੱਪੜੇ

**ਕਵਰ ਕੀਤੇ ਜਾਣ ਵਾਲੇ ਸੰਬੰਧਿਤ ਖਰਚਿਆਂ ਵਿੱਚ ਸ਼ਾਮਲ ਹਨ:**

» ਤੁਹਾਡੀ ਰਿਹਾਇਸ਼ ਦੌਰਾਨ ਹਸਪਤਾਲ ਦੁਆਰਾ ਦਿੱਤਾ ਟੈਲੀਫੋਨ ਅਤੇ ਟੀ.ਵੀ.।

» ਸਰਪ੍ਰਸਤ ਜਾਂ ਟਰੱਸਟੀ ਦੀ ਸਥਾਪਨਾ।

» ਵ੍ਹੀਲਚੇਅਰ / ਪ੍ਰੋਸਥੈਟਿਕ / ਆਰਥੋਟਿਕ ਉਪਕਰਣ ਦੀ ਵਰਤੋਂ ਨਾਲ ਸੰਬੰਧਿਤ ਕਪੜੇ ਲਈ ਭੱਤੇ।

» ਕੋਈ ਖ਼ਾਸ ਡਾਕਟਰੀ ਉਪਕਰਣ ਖਰੀਦਣਾ ਜਾਂ ਕਿਰਾਏ 'ਤੇ ਲੈਣਾ ਜਿਸ ਦੀ ਤੁਹਾਨੂੰ ਲੋੜ ਹੋ ਸਕਦੀ ਹੈ।

ਜੇ ਮੈਡੀਕਲ ਡਿਵਾਈਸ ਜਾਂ ਉਪਕਰਣ ਆਮ ਵਰਤੋਂ ਨਾਲ ਖਰਾਬ ਹੋ ਜਾਂਦੇ ਹਨ ਤਾਂ ਤੁਹਾਡੇ ਲਾਭ ਇਸ ਦੀ ਮੁਰੰਮਤ ਜਾਂ ਬਦਲੀ ਕਰਨ ਲਈ ਪੈਸੇ ਦੇਣਗੇ। ਪਰ ਅਣਗਹਿਲੀ, ਦੁਰਵਰਤੋਂ ਜਾਂ ਜਾਣ-ਬੁੱਝ ਕੇ ਕੀਤੇ ਨੁਕਸਾਨ ਦੇ ਕਾਰਨ ਮੁਰੰਮਤ ਜਾਂ ਤਬਦੀਲੀ ਕਵਰੇਜ ਵਿੱਚ ਸ਼ਾਮਲ ਨਹੀਂ ਹੈ।

ਇਨਹਾਂਸਡ ਐਕਸੀਡੈਂਟ ਲਾਭ ਉਸ ਡਿਵਾਈਸ ਨੂੰ ਮੁਰੰਮਤ, ਬਦਲਣ ਜਾਂ ਅਡਜਸਟ ਕਰਨ ਦੀ ਲਾਗਤ ਨੂੰ ਵੀ ਪੂਰਾ ਕਰਦਾ ਹੈ ਜੋ ਕਿ ਟੱਕਰ ਹੋਣ ਤੋਂ ਪਹਿਲਾਂ ਤੁਹਾਡੇ ਕੋਲ ਸੀ ਅਤੇ ਟੱਕਰ ਵਿੱਚ ਨੁਕਸਾਨੀ ਗਈ ਹੈ। ਇਹ ਇੱਕ-ਵਾਰ ਮਿਲਣ ਵਾਲੀ ਰਿਪਲੇਸਮੈਂਟ ਕਵਰੇਜ ਹੈ।

# ਐਂਬੂਲੈਂਸ ਦੇ ਖਰਚੇ

ਇਨਹਾਂਸਡ ਐਕਸੀਡੈਂਟ ਲਾਭ ਤੁਹਾਨੂੰ ਐਂਬੂਲੈਂਸ ਰਾਹੀਂ ਐਕਸੀਡੈਂਟ ਦੇ ਸਥਾਨ ਤੋਂ ਹਸਪਤਾਲ ਪਹੁੰਚਾਉਣ ਦੇ ਖਰਚਿਆਂ ਨੂੰ ਪੂਰਾ ਕਰਦੇ ਹਨ।

**ਟੱਕਰ ਵਿੱਚ ਲੱਗੀਆਂ ਸੱਟਾਂ ਕਾਰਣ ਐਂਬੂਲੈਂਸ ਸੇਵਾਵਾਂ ਦੀ ਕੀਮਤ ਵੀ ਕਵਰ ਹੁੰਦੀ ਹੈ ਜਦੋਂ:**

» ਤੁਹਾਡੇ ਇਲਾਜ ਲਈ ਜ਼ਿੰਮੇਵਾਰ ਡਾਕਟਰ ਐਂਬੂਲੈਂਸ ਸੇਵਾ ਦਾ ਆਦੇਸ਼ ਦਿੰਦਾ ਹੈ।

» ਕੋਈ ਸੰਕਟਕਾਲੀਨ ਸਥਿਤੀ ਪੈਦਾ ਹੁੰਦੀ ਹੈ, ਜਿਸ ਵਿੱਚ ਜ਼ਮੀਨੀ ਜਾਂ ਏਅਰ ਐਂਬੂਲੈਂਸ ਦੀ ਤੁਰੰਤ ਲੋੜ ਹੁੰਦੀ ਹੈ

# ਕਿਸੇ ਗੰਭੀਰ ਦੇਖਭਾਲ ਦੀ ਜ਼ਰੂਰਤ ਵਾਲੇ ਨੂੰ ਸਹਾਇਤਾ ਦੇਣ ਲਈ ਕਵਰੇਜ

ਇਨਹਾਂਸਡ ਐਕਸੀਡੈਂਟ ਲਾਭ ਪਰਿਵਾਰ ਦੇ ਮੈਂਬਰਾਂ ਜਾਂ ਦੋਸਤਾਂ ਲਈ ਯਾਤਰਾ ਜਾਂ ਰਿਹਾਇਸ਼ ਦੇ ਖਰਚਿਆਂ ਵਰਗੇ ਆਪ ਕੀਤੇ ਖਰਚੇ ਵੀ ਕਵਰ ਕਰਦੇ ਹਨ ਜੋ ਹਸਪਤਾਲ ਵਿੱਚ ਦਾਖਲ ਆਪਣੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਕੋਲ ਆਏ ਹਨ, ਜੋ ਟੱਕਰ ਕਾਰਨ ਗੰਭੀਰ ਸਥਿਤੀ ਵਿੱਚ ਹੈ।

ਖਰਚੇ ਇੱਕ ਵਿਅਕਤੀ ਲਈ $5,420 ਤੱਕ ਜਾਂ ਦੋ ਵਿਅਕਤੀਆਂ ਲਈ ਪ੍ਰਤੀ ਵਿਅਕਤੀ $2,710 ਤੱਕ ਕਵਰ ਕੀਤੇ ਜਾਂਦੇ ਹਨ।

**ਲਾਭ ਲਾਗੂ ਹੁੰਦਾ ਹੈ ਜੇ ਜ਼ਖਮੀ ਵਿਅਕਤੀ:**

» ਇੰਟੈਂਸਿਵ ਕੇਅਰ ਯੂਨਿਟ (ICU) ਵਿੱਚ ਜੇਰੇ ਇਲਾਜ ਹੈ।

» ਨੂੰ ਉਸ ਸਰਜਰੀ ਦੀ ਜ਼ਰੂਰਤ ਹੈ, ਜਿਸ ਲਈ ਜਨਰਲ ਐਂਥੀਜ਼ੀਏ (ਆਮ ਬੇਹੋਸ਼ੀ) ਦੀ ਲੋੜ ਹੈ।

» ਨੂੰ ਜ਼ਿਆਦਾ ਖਤਰੇ ਵਾਲੀ ਜਾਂ ਜ਼ਿੰਦਗੀ ਨੂੰ ਖਤਰੇ ਵਾਲੀ ਪ੍ਰੋਸੀਜਰ (ਕਾਰਵਾਈ) ਦੀ ਲੋੜ ਹੈ।

» ਜ਼ਿਆਦਾ ਖਤਰੇ ਵਾਲੀ ਡਾਕਟਰੀ ਸਥਿਤੀ ਤੋਂ ਪ੍ਰਭਾਵਿਤ ਹੈ।

» 16 ਸਾਲ ਤੋਂ ਘੱਟ ਹੈ ਅਤੇ ਕਿਸੇ ਸੱਟ ਕਾਰਨ ਹਸਪਤਾਲ ਵਿੱਚ ਦਾਖਲ ਹੈ।

**ਹਾਜ਼ਰੀ ਅੱਗੇ ਦਿੱਤਾ ਸਮਰਥਨ ਪ੍ਰਦਾਨ ਕਰਨ ਲਈ ਹੈ:**

» ਗਾਹਕ ਦੀ ਤਰਫੋਂ ਇਲਾਜ ਦਾ ਅਧਿਕਾਰ ਦੇਣਾ (ਉਦਾਹਰਣ ਵਜੋਂ: ਨਾਬਾਲਗ ਦੇ ਮਾਤਾ ਪਿਤਾ)।

» ਇਲਾਜ ਕਰਵਾਉਣ ਵਿੱਚ ਮਦਦ ਕਰਨਾ।

» ਗਾਹਕ ਦੀ ਇਹ ਫੈਸਲਾ ਕਰਨ ਵਿੱਚ ਸਹਾਇਤਾ ਕਰਨਾ ਕਿ ਜਨਰਲ ਐਂਥੀਜ਼ੀਏ (ਆਮ ਬੇਹੋਸ਼ੀ) ਅਧੀਨ ਸਰਜਰੀ ਜਾਂ ਜ਼ਿਆਦਾ ਖਤਰੇ ਵਾਲੀ ਜਾਂਚ ਕਰਵਾਉਣੀ ਹੈ ਜਾਂ ਨਹੀਂ।

**ਕਿਰਪਾ ਕਰਕੇ ਨੋਟ ਕਰੋ:**

- ਇਨਹਾਂਸਡ ਐਕਸਡੈਂਟ ਲਾਭ ਗੰਭੀਰ ਦੇਖਭਾਲ ਦੇ ਖਰਚਿਆਂ ਨੂੰ ਪੂਰਾ ਨਹੀਂ ਕਰਦੇ, ਜੇ ਉਹ ਹੋਰ ਲਾਭ ਯੋਜਨਾਵਾਂ ਜਾਂ ਹੋਰ ਇੰਸ਼ੋਰੈਂਸ ਦੁਆਰਾ ਕਵਰ ਕੀਤੇ ਜਾਂਦੇ ਹੋਣ।
- ਇਹ ਲਾਭ ਇਖਤਿਆਰੀ ਤੋਰ 'ਤੇ ਦੂਸਰੇ ਕਾਰਨਾਂ ਲਈ ਪ੍ਰਦਾਨ ਕੀਤਾ ਜਾ ਸਕਦਾ ਹੈ, ਜਿਹਨਾਂ ਕਾਰਨਾਂ ਵਿੱਚ ਹਮਦਰਦੀ ਦਾ ਆਧਾਰ ਵੀ ਸ਼ਾਮਲ ਹੈ।

## ਕਿਸੇ ਅਜਿਹੇ ਵਿਅਕਤੀ ਦੀ ਦੇਖਭਾਲ ਕਰਨ ਦਾ ਕਲੇਮ ਕਰਨਾ ਜੋ ਹਸਪਤਾਲ ਵਿੱਚ ਦਾਖਲ ਹੈ ਅਤੇ ਗੰਭੀਰ ਸਥਿਤੀ ਵਿੱਚ ਹੈ

**ਤੁਹਾਡੇ ਲਈ ਆਪਣੇ ਖਰਚਿਆਂ ਲਈ ਰਸੀਦਾਂ ਪ੍ਰਦਾਨ ਕਰਨੀਆਂ ਜ਼ਰੂਰੀ ਹਨ ਅਤੇ ਉਹ ਹੇਠ ਲਿਖਿਆਂ ਵਿੱਚੋਂ ਇੱਕ ਜਾਂ ਇੱਕ ਤੋਂ ਵਧੇਰੇ ਲਈ ਹੋਣੀਆਂ ਜ਼ਰੂਰੀ ਹਨ:**

» ਟਰਾਂਸਪੋਰਟੇਸ਼ਨ (ਹਵਾਈ ਯਾਤਰਾ ਅਤੇ ਰਾਈਡ ਸ਼ੇਅਰਿੰਗ ਸਮੇਤ), ਪਾਰਕਿੰਗ ਅਤੇ ਟੋਲਾਂ ਲਈ।

» ਰਿਹਾਇਸ਼ ਅਤੇ ਭੋਜਨ।

# ਇਲਾਜ ਜਾਂ ਡਾਕਟਰੀ ਅਪੁਆਇੰਟਮੈਂਟਾਂ ਲਈ ਆਉਣ-ਜਾਣ ਦੇ ਖਰਚੇ

ਇਨਹਾਂਸਡ ਐਕਸੀਡੈਂਟ ਲਾਭ ਟੱਕਰ ਨਾਲ ਸੰਬੰਧਿਤ ਡਾਕਟਰੀ ਅਪੁਆਇੰਟਮੈਂਟਾਂ ਅਤੇ ਇਲਾਜ ਲਈ ਆਉਣ-ਜਾਣ ਲਈ ਤੁਹਾਡੀ ਯਾਤਰਾ ਦੇ ਖਰਚਿਆਂ ਨੂੰ ਪੂਰਾ ਕਰਦੇ ਹਨ।

**ਇਨ੍ਹਾਂ ਵਿੱਚ ਸ਼ਾਮਲ ਹਨ:**

» ਜੇ ਤੁਸੀਂ ਖੁਦ ਗੱਡੀ ਚਲਾਉਂਦੇ ਹੋ ਜਾਂ ਕੋਈ ਦੋਸਤ ਜਾਂ ਪਰਿਵਾਰਕ ਮੈਂਬਰ ਤੁਹਾਨੂੰ ਟੱਕਰ-ਸੰਬੰਧੀ ਡਾਕਟਰੀ ਅਪੁਆਇੰਟਮੈਂਟ ਲਈ ਲੈ ਕੇ ਜਾਂਦਾ ਹੈ ਤਾਂ ਯਾਤਰਾ ਅਤੇ ਪਾਰਕਿੰਗ ਦੇ ਖਰਚੇ। ਮੌਜੂਦਾ ਵਾਹਨ ਰੇਟ ਲਈ ਕਿਰਪਾ ਕਰਕੇ ਆਪਣੇ ਸਹਾਇਤਾ ਅਤੇ ਰਿਕਵਰੀ ਮਾਹਰ ਨਾਲ ਸੰਪਰਕ ਕਰੋ।

» ਟੱਕਰ-ਸੰਬੰਧੀ ਡਾਕਟਰੀ ਅਪੁਆਇੰਟਮੈਂਟ ਲਈ ਯਾਤਰਾ ਕਰਨ ਲਈ ਬੱਸ ਜਾਂ ਆਵਾਜਾਈ ਦੇ ਖਰਚੇ।

» ਟੈਕਸੀ ਜਾਂ ਯਾਤਰੀ ਵਾਹਨ ਕਿਰਾਏ 'ਤੇ ਲੈਣ ਦੇ ਖਰਚੇ, ਜੇ ਤੁਸੀਂ ਆਪ ਟੱਕਰ-ਸੰਬੰਧਿਤ ਡਾਕਟਰੀ ਅਪੁਆਇੰਟਮੈਂਟ 'ਤੇ ਨਹੀਂ ਜਾ ਸਕਦੇ ਅਤੇ ਬੱਸ ਜਾਂ ਟਰਾਂਜ਼ਿਟ ਉਪਲਬਧ ਜਾਂ ਉਚਿੱਤ ਨਹੀਂ ਹੈ। ਇਸ ਅਦਾਇਗੀ ਦੇ ਯੋਗ ਬਣਨ ਲਈ ਤੁਹਾਨੂੰ ਆਪਣੇ ਸਹਾਇਤਾ ਅਤੇ ਰਿਕਵਰੀ ਮਾਹਰ ਤੋਂ ਪੂਰਵ ਪ੍ਰਵਾਨਗੀ ਲੈਣ ਦੀ ਜ਼ਰੂਰਤ ਹੋਏਗੀ।

» ਜੇ ਜ਼ਰੂਰੀ ਹੋਵੇ ਤਾਂ ਹਵਾਈ ਯਾਤਰਾ।

» ਜੇ ਲੋੜ ਹੋਵੇ ਤਾਂ ਭੋਜਨ ਅਤੇ ਰਿਹਾਇਸ਼ ਦਾ ਖਰਚਾ।

» ਡਾਕਟਰੀ ਅਪੁਆਇੰਟਮੈਂਟ ਜਾਂ ਇਲਾਜ ਲਈ ਤੁਹਾਡੇ ਨਾਲ ਜਾਣ ਵਾਲੇ ਕਿਸੇ ਵਿਅਕਤੀ ਦੀ ਯਾਤਰਾ ਅਤੇ ਰਿਹਾਇਸ਼ ਦਾ ਖਰਚ, ਜੇ ਤੁਹਾਡੀ ਉਮਰ ਜਾਂ ਤੁਹਾਡੀ ਮਾਨਸਿਕ ਜਾਂ ਸਰੀਰਕ ਅਵਸਥਾ ਤੁਹਾਨੂੰ ਇੱਕਲੇ ਜਾਣ ਤੋਂ ਰੋਕਦੀ ਹੈ।

## ਵਿਸ਼ੇਸ਼ ਉਪਕਰਣ

ਤੁਹਾਡੀ ਡਾਕਟਰੀ ਸਿਹਤ ਦੇਖਭਾਲ ਟੀਮ ਸਿਫਾਰਸ਼ ਕਰ ਸਕਦੀ ਹੈ ਕਿ ਤੁਹਾਨੂੰ ਰੋਜ਼ਾਨਾ ਰਹਿਣ ਜਾਂ ਕੰਮ ਵਾਲੀ ਥਾਂ 'ਤੇ ਸਹਾਇਤਾ ਲਈ ਵਿਸ਼ੇਸ਼ ਉਪਕਰਣਾਂ ਦੀ ਜ਼ਰੂਰਤ ਹੈ। ਤੁਹਾਡਾ ਸਹਾਇਤਾ ਅਤੇ ਰਿਕਵਰੀ ਮਾਹਰ ਇਨ੍ਹਾਂ ਸਿਫਾਰਸ਼ਾਂ ਦੀ ਸਮੀਖਿਆ ਕਰੇਗਾ ਅਤੇ ਕਿਸੇ ਵੀ ਵਾਜਬ ਖਰਚੇ ਲਈ ਤੁਹਾਡੀ ਕਵਰੇਜ ਨਿਰਧਾਰਤ ਕਰੇਗਾ।

ਉਦਾਹਰਣ ਲਈ ਉਹ ਸਿਫਾਰਸ਼ ਕਰ ਸਕਦੇ ਹਨ ਕਿ ਤੁਹਾਨੂੰ ਹਸਪਤਾਲ-ਕਿਸਮ ਦੇ ਬਿਸਤਰੇ ਜਾਂ ਆਪਣੇ ਦਫਤਰ ਦੀ ਕੁਰਸੀ ਲਈ ਆਰਥੋਪੀਡਿਕ ਪਵਾਉਣ ਦੀ ਜ਼ਰੂਰਤ ਹੈ। ਸਥਿਤੀ ਦੇ ਆਧਾਰ 'ਤੇ, ਅਸੀਂ ਜਾਂ ਤਾਂ ਤੁਹਾਡੇ ਲਈ ਉਪਕਰਣਾਂ ਨੂੰ ਕਿਰਾਏ 'ਤੇ ਲਵਾਂਗੇ ਜਾਂ ਖਰੀਦਾਂਗੇ।

## ਮਨੋਰੰਜਨ ਲਾਭ

ਇਹ ਲਾਭ ਤੁਹਾਨੂੰ - ਅਤੇ ਜੇ ਜ਼ਰੂਰੀ ਹੋਵੇ - ਤਾਂ ਇੱਕ ਸਾਥੀ ਜਾਂ ਸਹਿਯੋਗੀ ਨੂੰ - ਮਨੋਰੰਜਨ ਜਾਂ ਵਿਹਲ ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈਣ ਵਿੱਚ ਮਦਦ ਕਰਦਾ ਹੈ ਜਿਸ ਲਈ ਤੁਹਾਨੂੰ ਹੁਣ ਵਧੇਰੇ ਸਹਾਇਤਾ ਦੀ ਜ਼ਰੂਰਤ ਹੈ, ਜਾਂ ਜਿਸ ਲਈ ਅਸਾਧਾਰਣ ਖਰਚੇ ਆਉਂਦੇ ਹਨ।

ਇਹ ਲਾਭ ਉਹਨਾਂ ਸੱਟਾਂ ਲਈ ਉਪਲਬਧ ਹੈ ਜਿਹਨਾਂ ਨਾਲ 20% ਜਾਂ ਵੱਧ ਦੀ ਪੱਕੀ ਇਮਪੇਅਰਮੈਂਟ ਹੋ ਸਕਦੀ ਹੈ। ਲਾਭ ਦੀ ਮਾਤਰਾ ਇਮਪੇਅਰਮੈਂਟ ਦੀ ਪ੍ਰਤੀਸ਼ਤਤਾ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ, ਘਾਤਕ ਸੱਟਾਂ ਲਈ ਹਰ ਦੋ ਸਾਲਾਂ ਵਿੱਚ $567 ਤੋਂ ਵੱਧ ਤੋਂ ਵੱਧ $4,533 ਤੱਕ।

## ਡਾਕਟਰੀ ਅਤੇ ਨਿੱਜੀ ਖਰਚਿਆਂ ਦੇ ਕਲੇਮਾਂ ਲਈ ਉਪਯੋਗੀ ਸੁਝਾਅ

ਜੇ ਸ਼ੱਕ ਹੈ, ਤਾਂ ਕੋਈ ਵੀ ਖਰਚਾ ਕਰਨ ਤੋਂ ਪਹਿਲਾਂ ਹਮੇਸ਼ਾਂ ਆਪਣੇ ਸਹਾਇਤਾ ਅਤੇ ਰਿਕਵਰੀ ਮਾਹਰ ਨਾਲ ਸੰਪਰਕ ਕਰੋ।

ਤੁਹਾਨੂੰ ਕਿਸੇ ਨਿਰਧਾਰਤ ਸੀਮਾ ਤੱਕ, ਸਿੱਧੇ ਤੌਰ 'ਤੇ ਬਿਲ ਨਾ ਕੀਤੇ ਗਏ ਕਿਸੇ ਵੀ ਕਲੇਮ ਲਈ 180 ਦਿਨਾਂ ਦੇ ਅੰਦਰ ਰਸੀਦਾਂ ਦੀਆਂ ਕਾਪੀਆਂ ਪ੍ਰਦਾਨ ਕਰਨੀਆਂ ਪੈਣਗੀਆਂ।

**ਕੁਝ ਖਰਚਿਆਂ ਲਈ ਆਪਣੇ ਸਹਾਇਤਾ ਅਤੇ ਰਿਕਵਰੀ ਮਾਹਰ ਤੋਂ ਪਹਿਲਾਂ ਮਨਜ਼ੂਰੀ ਲੈਣ ਦੀ ਜ਼ਰੂਰਤ ਹੋਏਗੀ, ਇਹਨਾਂ ਵਿੱਚ ਸ਼ਾਮਲ ਹਨ:**

» ਫਾਰਮੇਸੀ ਦਵਾਈ

» ਮੁੱਢਲੀ ਸਪਲਾਈ ਜਾਂ ਉਪਕਰਣ

» ਜੇ ਲੋੜ ਹੋਵੇ ਤਾਂ ਖਾਣਾ, ਰਿਹਾਇਸ਼ ਅਤੇ ਯਾਤਰਾ ਦੇ ਖਰਚ

ਤੁਸੀਂ ਆਪਣੀਆਂ ਰਸੀਦਾਂ ਆਨਲਾਈਨ icbc.com/claims'ਤੇ ਜਮਾਂ ਕਰ ਸਕਦੇ ਹੋ।

**ਕਿਰਪਾ ਕਰਕੇ ਨੋਟ ਕਰੋ:**

ਅਸੀਂ ਅਸਲ ਰਸੀਦਾਂ ਵਾਪਸ ਨਹੀਂ ਕਰਦੇ।

## ਹੋਰ ਲਾਭਾਂ ਅਤੇ ਇੰਸ਼ੋਰੈਂਸ ਤੋਂ ਕਲੇਮ ਕਰਨਾ

ਸੱਟ ਲੱਗਣ ਤੋਂ ਬਾਅਦ ਜਿਹੜੇ ਖਾਸ ਇਲਾਜ ਦੀ ਤੁਹਾਨੂੰ ਸ਼ਾਇਦ ਲੋੜ ਹੋ ਸਕਦੀ ਹੈ, ਉਹ ਅਕਸਰ ਸਿੱਧੇ ਤੌਰ 'ਤੇ ਆਈ ਸੀ ਬੀ ਸੀ ਦੁਆਰਾ ਕਵਰ ਕੀਤੇ ਜਾਂਦੇ ਹਨ। ਡਾਕਟਰੀ ਉਪਕਰਣਾਂ, ਫਾਰਮੇਸੀ ਦੀਆਂ ਦਵਾਈਆਂ ਅਤੇ ਇਨਕਮ ਰਿਲਪੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ ਲਾਭ) ਵਰਗੇ ਹੋਰ ਲਾਭਾਂ ਲਈ ਤੁਹਾਡੀ ਹੋਰ ਉਪਲਬਧ ਇੰਸ਼ੋਰੈਂਸ ਕਵਰੇਜ ਪ੍ਰਾਇਮਰੀ ਭੁਗਤਾਨ ਕਰਤਾ ਹੋਵੇਗੀ ਅਤੇ ਤੁਹਾਨੂੰ ਪਹਿਲਾਂ ਆਪਣੇ ਖਰਚੇ ਉਸ ਕੋਲ ਜਮਾਂ ਕਰਨ ਦੀ ਜ਼ਰੂਰਤ ਹੋਏਗੀ।

# ਸੈਕਸ਼ਨ 02

## ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ

### ਤੁਹਾਡੀ ਕਵਰੇਜ

ਜੇ ਤੁਹਾਡੇ ਟੱਕਰ ਵਿਚ ਸੱਟਾਂ ਲੱਗੀਆਂ ਹਨ, ਤਾਂ ਤੁਸੀਂ ਟੱਕਰ ਹੋਣ ਤੋਂ ਬਾਅਦ ਅੱਠਵੇਂ ਦਿਨ ਤੋਂ ਸ਼ੁਰੂ ਹੋ ਕੇ, ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਲਈ ਯੋਗ ਹੋ ਸਕਦੇ ਹੋ, ਜਦੋਂ ਸੱਟ ਲੱਗਣ ਦੇ ਨਤੀਜੇ ਵਜੋਂ ਤੁਸੀਂ ਆਪਣਾ ਰੁਜ਼ਗਾਰ ਜਾਰੀ ਨਾ ਰੱਖ ਸਕਦੇ ਹੋਵੋ।

ਇਨਹਾਂਸਡ ਐਕਸੀਡੈਂਟ ਲਾਭ ਕਵਰੇਜ ਕੰਮ-ਮਾਲਕ ਦੀ ਯੋਜਨਾ (ਇੰਮਪਲੌਏਰ ਪਲੈਨ) ਜਾਂ ਇੰਮਪਲੌਏਮੈਂਟ ਇੰਸ਼ੋਰੈਂਸ ਵਰਗੇ ਤੁਹਾਡੇ ਲਈ ਉਪਲਬਧ ਦੂਜੇ ਤਨਖਾਹ ਨੁਕਸਾਨ ਦੇ ਲਾਭਾਂ ਤੋਂ ਦੂਜੀ ਪੱਧਰ ‘ਤੇ ਹੈ। ਤੁਹਾਨੂੰ ਪਹਿਲਾਂ ਉਨ੍ਹਾਂ ਲਾਭਾਂ ਲਈ ਅਰਜ਼ੀ ਦੇਣ ਦੀ ਜ਼ਰੂਰਤ ਹੋਏਗੀ, ਅਤੇ ਫਿਰ ਤੁਹਾਨੂੰ ਮਿਲਣ ਵਾਲੇ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਦਾ ਹਿਸਾਬ ਲਾਉਣ ਲਈ ਉਸ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ।

ਕਵਰੇਜ ਨਾਬਾਲਗਾਂ, ਵਿਦਿਆਰਥੀਆਂ ਅਤੇ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਵੀ ਉਪਲਬਧ ਹੈ, ਜੇ ਉਹ ਟੱਕਰ ਵੇਲੇ ਨੌਕਰੀ ਕਰਦੇ ਸਨ।

ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਤੁਹਾਡੀ ਕੁੱਲ ਆਮਦਨੀ ਦੇ 90 ਪ੍ਰਤੀਸ਼ਤ ਵਿੱਚੋਂ ਹੋਰਸਰੋਤਾਂ ਤੋਂ ਭੁਗਤਾਨ ਯੋਗ ਕਿਸੇ ਵੀ ਰਕਮ ਨੂੰ ਘਟਾ ਕੇ ਬਣੀ ਰਕਮ ਦੇ ਬਰਾਬਰ ਅਤੇ ਵੱਧ ਤੋਂ ਵੱਧ ਸਾਲਾਨਾ ਬੀਮਾਯੋਗਆਮਦਨੀ ’ਤੇ ਆਧਾਰਿਤ ਹੈ। 1 ਅਪ੍ਰੈਲ 2024 ਤੋਂ ਇਹ ਰਕਮ $113,000 ਹੈ। ਕੁੱਝ ਖਾਸ ਕੇਸਾਂ ਵਿੱਚ ਅਸੀਂਬਦਲਵਾਂ ਫਾਰਮੂਲਾ ਵਰਤਦੇ ਹਾਂ। ਲੋੜ ਮੁਤਾਬਕ ਤੁਹਾਡਾ ਸੁਪੋਰਟ ਐਂਡ ਰਿਕਵਰੀ ਸਪੈਸ਼ਲਿਸਟ ਸਲਾਹ ਦੇ ਸਕਦਾ ਹੈ।

ਜੇ ਤੁਸੀਂ $113,000 ਤੋਂ ਵੱਧ ਕਮਾ ਲੈਂਦੇ ਹੋ, ਤਾਂ ਤੁਸੀਂ ਇਨਹਾਂਸਡ ਕੇਅਰ ਰਾਹੀਂ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਵਿੱਚ ਵਾਧਾ ਕਰਨ ਲਈ ਵਾਧੂ ਆਪਸ਼ਨਲ ਕਵਰੇਜ ਵੀ ਖਰੀਦ ਸਕਦੇ ਹੋ। ਇਹ ਉਦੋਂ ਵੀ ਲਾਗੂ ਹੁੰਦਾ ਹੈ ਜਦ ਤੁਹਾਡੇ ਕੋਲ ਪਹਿਲਾਂ ਹੀ ਇਨਕਮ ਰਿਪਲੇਸਮੈਂਟ ਲਈ (ਆਮਦਨੀ ਬਦਲੇ ਮਿਲਣ ਵਾਲੀ) ਪ੍ਰਾਈਵੇਟ ਕਵਰੇਜ ਹੈ।

# ਸੈਕਸ਼ਨ 02

## ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ

### ਮੁੱਖ ਨੁਕਤੇ

- ਤੁਹਾਡੇ ਕੰਮ-ਮਾਲਕ ਤੋਂ ਆਮਦਨੀ ਦੀ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਜਾਂ ਜੇ ਤੁਸੀਂ ਆਪਣਾ ਖੁਦ ਦਾ ਕੰਮ ਕਰਦੇ ਹੋ ਤਾਂ ਤੁਹਾਡੇ ਤੋਂ ਆਮਦਨੀ ਦਾ ਸਬੂਤ ਪ੍ਰਾਪਤ ਕਰਨ ਤੋਂ ਬਾਅਦ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਸ਼ੁਰੂ ਹੁੰਦਾ ਹੈ।
- ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਉਸ ਆਮਦਨੀ ’ਤੇ ਆਧਾਰਿਤ ਹੁੰਦਾ ਹੈ ਜੋ ਤੁਸੀਂ ਟੱਕਰ ਹੋਣ ਤੋਂ ਪਹਿਲਾਂ ਕਮਾ ਰਹੇ ਸੀ, ਇਹ ਪਿਛਲੀਆਂ ਇਨਕਮ ਟੈਕਸ ਰਿਟਰਨਾਂ, ਤਨਖਾਹਾਂ ਅਤੇ ਤੁਹਾਡੇ ਕੰਮ-ਮਾਲਕ ਦੁਆਰਾ ਦਿੱਤੀ ਜਾਣਕਾਰੀ ਦੁਆਰਾ ਦੇਖਿਆ ਜਾਂਦਾ ਹੈ। ਟੱਕਰ ਹੋਣ ਤੋਂ ਬਾਅਦ ਤੁਹਾਡੀ ਅਨੁਮਾਨਿਤ ਕਮਾਈ ਉੱਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ।
- ਇੱਕ ਵਾਰ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਦਾ ਭੁਗਤਾਨ ਸ਼ੁਰੂ ਹੋ ਜਾਣ 'ਤੇ, ਹਰ 14 ਦਿਨਾਂ ਬਾਅਦ ਇੱਕ ਚੈੱਕ ਡਾਕ ਰਾਹੀਂ ਭੇਜਿਆ ਜਾਏਗਾ ਜਾਂ ਸਿੱਧਾ ਤੁਹਾਡੇ ਬੈਂਕ ਵਿਚ ਜਮਾਂ ਕਰ ਦਿੱਤਾ ਜਾਵੇਗਾ, ਜਦ ਤੱਕ ਤੁਸੀਂ ਇਸ ਨੂੰ ਲੈਣ ਦੇ ਅਯੋਗ ਨਹੀਂ ਹੋ ਜਾਂਦੇ। ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਉਦੋਂ ਰੁੱਕ ਜਾਂਦਾ ਹੈ ਜਦ ਕੰਮ ’ਤੇ ਦੁਬਾਰਾ ਵਾਪਸ ਨਾ ਜਾਣ ਦਾ ਕੋਈ ਡਾਕਟਰੀ ਕਾਰਨ ਨਾ ਹੋਵੇ।
- ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਤੁਹਾਡੀ ਕੁੱਲ ਆਮਦਨੀ ਦੇ 90 ਪ੍ਰਤੀਸ਼ਤ ਵਿੱਚੋਂ ਹੋਰਸਰੋਤਾਂ ਤੋਂ ਭੁਗਤਾਨ ਯੋਗ ਕਿਸੇ ਵੀ ਰਕਮ ਨੂੰ ਘਟਾ ਕੇ ਬਣੀ ਰਕਮ ਦੇ ਬਰਾਬਰ ਅਤੇ ਵੱਧ ਤੋਂ ਵੱਧ ਸਾਲਾਨਾ ਬੀਮਾਯੋਗ ਆਮਦਨੀ ’ਤੇ ਆਧਾਰਿਤ ਹੈ। 1 ਅਪ੍ਰੈਲ 2024 ਤੋਂ ਇਹ ਰਕਮ $113,000 ਹੈ।

# ਅਸੀਂ ਤੁਹਾਡੇ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਦਾ ਹਿਸਾਬ ਕਿਵੇਂ ਲਗਾਉਂਦੇ ਹਾਂ

ਤੁਹਾਡੇ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਦਾ ਹਿਸਾਬ ਲਗਾਉਣ ਲਈ ਸਾਨੂੰ ਤੁਹਾਡੇ ਤੋਂ ਸਹੀ ਅਤੇ ਸੰਪੂਰਨ ਜਾਣਕਾਰੀ ਦੀ ਜ਼ਰੂਰਤ ਹੈ। ਇਹ ਉਹ ਚਾਰ ਕਦਮ ਹਨ ਜਿਨ੍ਹਾਂ ਦੀ ਪਾਲਣਾ ਕਰਨ ਦੀ ਸਾਨੂੰ ਲੋੜ ਹੁੰਦੀ ਹੈ:

## 1. ਅਸੀਂ ਤੁਹਾਡਾ ਰੁਜ਼ਗਾਰ ਦਾ ਦਰਜਾ ਨਿਰਧਾਰਤ ਕਰਦੇ ਹਾਂ।

ਤੁਹਾਡਾ ਰੁਜ਼ਗਾਰ ਦਾ ਦਰਜਾ ਟੱਕਰ ਦੇ ਸਮੇਂ ਤੁਹਾਡੀ ਰੁਜ਼ਗਾਰ ਦੀ ਸਥਿਤੀ ਦੇ ਆਧਾਰ ’ਤੇ ਨਿਰਧਾਰਤ ਕੀਤਾ ਜਾਂਦਾ ਹੈ:

- » ਫੁੱਲ ਟਾਈਮ ਕਮਾਉਣ ਵਾਲਾ
- » ਪਾਰਟ ਟਾਈਮ ਕਮਾਉਣ ਵਾਲਾ
- » ਟੈਂਮਪਰੇਰੀ ਕਮਾਉਣ ਵਾਲਾ
- » ਨਾ ਕਮਾਉਣ ਵਾਲਾ
- » ਨਾਬਾਲਗ
- » ਵਿਦਿਆਰਥੀ

ਅਸੀਂ ਇਹ ਵੀ ਵਿਚਾਰਦੇ ਹਾਂ ਕਿ ਜੇ ਤੁਸੀਂ ਟੱਕਰ ਕਾਰਨ ਹੋਈ ਕਿਸੇ ਸਰੀਰਕ ਜਾਂ ਮਾਨਸਿਕ ਸਥਿਤੀ ਦੇ ਕਾਰਨ ਕੰਮ ਕਰਨ ਦੇ ਯੋਗ ਨਹੀਂ ਹੋ। ਜੇ ਤੁਸੀਂ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਲਈ ਯੋਗ ਨਹੀਂ ਹੋ, ਤਾਂ ਅਸੀਂ ਕਦਮ 1 ਤੋਂ ਅੱਗੇ ਨਹੀਂ ਵਧਾਂਗੇ।

## 2. ਅਸੀਂ ਤੁਹਾਡੀ ਸਾਲਾਨਾ ਕੁੱਲ ਆਮਦਨ ਸਥਾਪਿਤ ਕਰਦੇ ਹਾਂ

ਤੁਹਾਡੀ ਸਾਲਾਨਾ ਕੁੱਲ ਆਮਦਨੀ ਤਨਖਾਹ ਵਾਲੇ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਦੀ ਸਾਲਾਨਾ ਕੁੱਲ ਆਮਦਨੀ ਹੈ। ਅਸੀਂ ਉਸ ਸਾਰੀ ਰੁਜ਼ਗਾਰ ਦੀ ਆਮਦਨੀ 'ਤੇ ਵਿਚਾਰ ਕਰਦੇ ਹਾਂ ਜੋ ਤੁਸੀਂ ਟੱਕਰ ਦੌਰਾਨ ਲੱਗੀਆਂ ਸੱਟਾਂ ਕਾਰਨ ਗੁਆ ਚੁੱਕੇ ਹੋ।

ਜੇ ਤੁਸੀਂ ਟੱਕਰ ਦੇ ਸਮੇਂ ਕੰਮ ਨਹੀਂ ਕਰ ਰਹੇ ਸੀ, ਪਰ ਤੁਹਾਡੇ ਨਾਲ ਰੁਜ਼ਗਾਰ ਦਾ ਵਾਅਦਾ ਕੀਤਾ ਗਿਆ ਸੀ, ਤਾਂ ਅਸੀਂ ਉਸ ਰੁਜ਼ਗਾਰ ਤੋਂ ਗੁਆਈ ਕਮਾਈ ’ਤੇ ਵਿਚਾਰ ਕਰਾਂਗੇ।

ਜੇ ਤੁਸੀਂ ਵਿਦਿਆਰਥੀ ਹੋ ਅਤੇ ਤੁਸੀਂ ਕੰਮ ਕਰਨਾ ਜਾਰੀ ਰੱਖਣ ਤੋਂ ਅਸਮਰੱਥ ਹੋ, ਤਾਂ ਤੁਸੀਂ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਦੇ ਯੋਗ ਹੋਵੋਗੇ।

### 2.1 ਤਨਖਾਹਦਾਰ ਰੁਜ਼ਗਾਰ

ਅਸੀਂ ਇਨ੍ਹਾਂ ਸਾਰੀਆਂ ਰਕਮਾਂ ਨੂੰ ਤਨਖਾਹ ਵਾਲੇ ਰੁਜ਼ਗਾਰ ਤੋਂ ਪ੍ਰਾਪਤ ਆਮਦਨੀ ਵਜੋਂ ਸ਼ਾਮਲ ਕਰਦੇ ਹਾਂ:

**ਤਨਖਾਹ / ਵੇਤਨ:** ਤਨਖਾਹ ਮਿਲਣ ਦੇ ਉਸ ਸਮੇਂ ਦੌਰਾਨ ਜਿਸ ਵਿਚ ਟੱਕਰ ਹੋਈ ਸੀ, ਮਿਲੀ ਤਨਖਾਹ ਜਾਂ ਵੇਤਨ ਜਾਂ ਉਸ ਸਮੇਂ ਲਈ ਮਿਲਣ ਵਾਲੀ ਤਨਖਾਹ ਜਾਂ ਵੇਤਨ ਨੂੰ ਤਨਖਾਹ ਮਿਲਣ ਦੇ ਸਮੇਂ ਵਿਚਲੇ ਹਫਤਿਆਂ ਨਾਲ ਤਕਸੀਮ ਕਰਕ 52 ਨਾਲ ਗੁਣਾਂ ਕੀਤਾ ਜਾਂਦਾ ਹੈ।

**ਮਿਹਨਤਾਨਾ:** ਹੇਠ ਲਿਖਿਆਂ ਵਿੱਚੋਂ ਕੋਈ ਵੀ ਰਕਮ, ਜੋ ਟੱਕਰ ਦੇ ਨਤੀਜੇ ਵਜੋਂ ਨਹੀਂ ਮਿਲਦੀ:

- » ਟੱਕਰ ਹੋਣ ਦੀ ਮਿਤੀ ਤੋਂ ਪਹਿਲਾਂ ਦੇ 52 ਹਫਤਿਆਂ ਵਿੱਚ ਪ੍ਰਾਪਤ ਕੀਤੇ ਜਾਂ ਕਮਾਏ ਕੋਈ ਵੀ ਬੋਨਸ।
- » ਟਿੱਪਾਂ, ਉਹ ਰਕਮ ਜੋ ਅੱਗੇ ਦਿੱਤਿਆਂ ਤੋਂ ਵੱਧ ਹੈ:
    - » ਜਿਸ ਸਾਲ ਟੱਕਰ ਹੋਈ ਸੀ, ਉਸ ਤੋਂ ਪਹਿਲੇ ਕੈਲੰਡਰ ਵਰ੍ਹੇ ਲਈ ਗਾਹਕ ਦੀ ਨਿੱਜੀ ਇਨਕਮ ਟੈਕਸ ਰਿਟਰਨ ਵਿਚ ਰਿਪੋਰਟ ਕੀਤੀ ਗਈ ਰਕਮ।
    - » ਉਸ ਕੈਲੰਡਰ ਸਾਲ ਲਈ ਗਾਹਕ ਦੇ ਨਿੱਜੀ ਇਨਕਮ ਟੈਕਸ ਰਿਟਰਨ ਵਿਚ ਰਿਪੋਰਟ ਕੀਤੀ ਗਈ ਰਕਮ, ਜਿਸ ਵਿੱਚ ਟੱਕਰ ਹੋਈ ਸੀ।
- » ਓਵਰਟਾਈਮ ਘੰਟਿਆਂ ਲਈ ਮਿਹਨਤਾਨਾ ਜੋ ਉਪਰੋਕਤ ਤਨਖਾਹ / ਮਜ਼ਦੂਰੀ ਵਜੋਂ ਸ਼ਾਮਲ ਨਹੀਂ ਹੈ ਅਤੇ ਇਹ ਟੱਕਰ ਦੀ ਮਿਤੀ ਤੋਂ ਪਹਿਲਾਂ ਦੇ 52 ਹਫਤਿਆਂ ਵਿੱਚ ਪ੍ਰਾਪਤ ਕੀਤਾ ਜਾਂ ਕਮਾਇਆ ਗਿਆ ਹੋਵੇ।
- » ਕਿਸੇ ਪ੍ਰੌਫਿਟ-ਸ਼ੇਅਰਿੰਗ ਪਲੈਨ (ਮੁਨਾਫਾ ਸਾਂਝਾਂ ਕਰਨ ਦੀ ਯੋਜਨਾ) ਤੋਂ ਟੱਕਰ ਦੀ ਮਿਤੀ ਤੋਂ ਪਹਿਲਾਂ ਦੇ 52 ਹਫਤਿਆਂ ਵਿੱਚ ਪ੍ਰਾਪਤ ਕੀਤੇ ਜਾਂ ਕਮਾਏ ਹਿੱਸੇ ਦੀ ਨਗਦ ਕੀਮਤ।

- ਟੱਕਰ ਵਾਲੇ ਸਾਲ ਤੋਂ ਪਹਿਲੇ ਕੈਲੰਡਰ ਸਾਲ ਵਿੱਚ ਗਾਹਕ ਦੇ ਨਿੱਜੀ ਇਨਕਮ ਟੈਕਸ ਰਿਟਰਨ ਵਿੱਚ ਰਿਪੋਰਟ ਕੀਤੀ ਰਾਸ਼ੀ ਵਿੱਚ ਟੱਕਰ ਦੇ ਸਮੇਂ ਕੰਮ-ਮਾਲਕ ਦੁਆਰਾ ਪ੍ਰਦਾਨ ਕੀਤੇ ਗਏ ਮੋਟਰ ਵਾਹਨ ਦੀ ਨਿੱਜੀ ਵਰਤੋਂ ਦਾ ਦੱਸਿਆ ਗਿਆ ਮੁੱਲ, ਜਾਂ ਜਿੱਥੇ ਇਸ ਤਰ੍ਹਾਂ ਦੀ ਕੋਈ ਰਾਸ਼ੀ ਰਿਪੋਰਟ ਨਹੀਂ ਕੀਤੀ ਗਈ ਸੀ, ਉੱਥੇ ਇੱਕ ਸਾਲਾਨਾ ਲਾਭ ਦੇ ਰੂਪ ਵਿੱਚ ਇਨਕਮ ਟੈਕਸ ਐਕਟ (ਕੈਨੇਡਾ) ਦੀ ਧਾਰਾ 6 (1) (ਏ) (ਰੁਜ਼ਗਾਰ ਤੋਂ ਆਮਦਨੀ) ਅਧੀਨ ਹਿਸਾਬ ਲਾਈ ਗਈ ਰਾਸ਼ੀ।
- ਗਾਹਕ ਦੀ ਪੈਨਸ਼ਨ ਯੋਜਨਾ ਵਿੱਚ ਮਾਲਕ ਦੁਆਰਾ ਦਿੱਤੇ ਯੋਗਦਾਨ ਦਾ ਮੁੱਲ, ਜੋ ਟੱਕਰ ਹੋਣ ਕਾਰਨ ਗੁਆਚ ਜਾਂਦਾ ਹੈ।
- ਟੱਕਰ ਹੋਣ ਕਰਕੇ ਗੁਆਚ ਜਾਣ 'ਤੇ ਕਿਸੇ ਹੋਰ ਲਾਭ ਦਾ ਨਕਦ ਮੁੱਲ, ਜੋ ਟੱਕਰ ਦੀ ਤਾਰੀਖ ਤੋਂ ਪਹਿਲੇ 52 ਹਫ਼ਤਿਆਂ ਵਿੱਚ ਗਾਹਕ ਨੂੰ ਮਿਲਿਆ, ਗਾਹਕ ਜਿਸਨੂੰ ਲੈਣ ਦੇ ਯੋਗ ਸੀ।

**ਕਮਿਸ਼ਨ:** ਉਹ ਕਮਿਸ਼ਨ ਜਿਸ ਨੂੰ ਗਾਹਕ ਨੇ ਕਮਾਇਆ ਸੀ, ਜਾਂ ਜਿਸ ਦੇ ਉਹ ਯੋਗ ਸੀ, ਹੇਠਾਂ ਦਿੱਤੇ ਸਭ ਤੋਂ ਵੱਡੇ ਦੇ ਆਧਾਰ 'ਤੇ:

- ਟੱਕਰ ਹੋਣ ਦੀ ਮਿਤੀ ਤੋਂ ਪਹਿਲਾਂ ਦੇ 52 ਹਫ਼ਤਿਆਂ ਵਿੱਚ
- ਟੱਕਰ ਦੀ ਮਿਤੀ ਤੋਂ ਪਹਿਲੇ ਕੈਲੰਡਰ ਸਾਲ ਵਿੱਚ, ਜਾਂ
- ਟੱਕਰ ਦੀ ਮਿਤੀ ਤੋਂ ਪਹਿਲਾਂ ਦੇ ਤਿੰਨ ਕੈਲੰਡਰ ਸਾਲਾਂ ਵਿਚ, ਤਿੰਨ ਨਾਲ ਤਕਸੀਮ ਕੀਤਾ ਗਿਆ

**ਕਿਰਪਾ ਕਰਕੇ ਨੋਟ ਕਰੋ:**

ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਵਿੱਚ ਉਹ ਆਮਦਨੀ ਸ਼ਾਮਲ ਹੁੰਦੀ ਹੈ ਜੋ ਤੁਸੀਂ ਟੱਕਰ ਵਿੱਚ ਸੱਟਾਂ ਲੱਗਣ ਕਾਰਨ ਗੁਆ ਚੁੱਕੇ ਹੋ। ਉਦਾਹਰਣ ਲਈ, ਤੁਹਾਡੇ ਵੱਲੋਂ ਕੰਮ 'ਤੇ ਨਾ ਜਾ ਸਕਣ ਦੇ ਸਮੇਂ ਦੌਰਾਨ ਜੇ ਤੁਹਾਡੀ ਕੰਪਨੀ ਤੁਹਾਡੀ ਪੈਨਸ਼ਨ ਯੋਜਨਾ ਦਾ ਭੁਗਤਾਨ ਕਰਨਾ ਜਾਰੀ ਰੱਖਦੀ ਹੈ, ਤਾਂ ਤੁਹਾਨੂੰ ਆਪਣੀ ਆਮਦਨੀ ਦੇ ਉਸ ਹਿੱਸੇ ਲਈ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਨਹੀਂ ਮਿਲੇਗਾ।

## 2.2 ਤੁਹਾਡੀ ਤਨਖਾਹ ਵਾਲੀ ਰੁਜ਼ਗਾਰ ਆਮਦਨੀ ਸਥਾਪਤ ਕਰਨਾ

ਤੁਹਾਡਾ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਨਿਰਧਾਰਿਤ ਕਰਨ ਲਈ ਅਸੀਂ ਤੁਹਾਡੇ ਕੰਮ-ਮਾਲਕ ਨੂੰ ਕਮਾਈ ਦਾ ਇੱਕ ਸਰਟੀਫਿਕੇਟ ਭੇਜਾਂਗੇ। ਕਿਰਪਾ ਕਰਕੇ ਆਪਣੇ ਕੰਮ-ਮਾਲਕ ਨੂੰ ਫਾਰਮ ਨੂੰ ਭਰਨ ਲਈ ਅਤੇ ਜਿੰਨੀ ਜਲਦੀ ਹੋ ਸਕੇ ਸਾਨੂੰ ਵਾਪਸ ਕਰਨ ਲਈ ਕਹੋ।

ਜੇ ਤੁਹਾਨੂੰ ਜ਼ਰੂਰੀ ਰੁਜ਼ਗਾਰ ਆਮਦਨੀ ਦੀ ਜਾਣਕਾਰੀ ਪ੍ਰਾਪਤ ਕਰਨ ਵਿੱਚ ਮੁਸ਼ਕਿਲ ਆ ਰਹੀ ਹੈ ਤਾਂ ਤੁਹਾਡਾ ਸਹਾਇਤਾ ਅਤੇ ਰਿਕਵਰੀ ਮਾਹਰ ਤੁਹਾਡੀ ਮਦਦ ਕਰ ਸਕਦਾ ਹੈ। ਤੁਹਾਡੀ ਰੁਜ਼ਗਾਰ ਆਮਦਨੀ ਦੀ ਪੁਸ਼ਟੀ ਕਰਨ ਲਈ ਅਸੀਂ ਇਨਕਮ ਟੈਕਸ ਰਿਟਰਨ ਵਰਗੇ ਹੋਰ ਦਸਤਾਵੇਜ਼ਾਂ ਦੀ ਮੰਗ ਵੀ ਕਰ ਸਕਦੇ ਹਾਂ।

## 2.3 ਸਵੈ-ਰੁਜ਼ਗਾਰ

ਜੇ ਤੁਸੀਂ ਆਪਣੇ ਖੁਦ ਲਈ ਕੰਮ ਕਰਦੇ ਹੋ ਤਾਂ ਅਸੀਂ ਤੁਹਾਨੂੰ ਸਵੈ-ਰੁਜ਼ਗਾਰ ਵਾਲਾ ਮੰਨਦੇ ਹਾਂ। ਸੁਤੰਤਰ ਠੇਕੇਦਾਰ, ਇਕੱਲੀ ਮਾਲਕੀਅਤ ਵਾਲੇ ਅਤੇ ਗੈਰ-ਨਿਗਮਤ (ਅਨਇਨਕਾਰਪੋਰੇਟਿਡ) ਸਾਂਝੇਦਾਰੀਆਂ ਦੇ ਮੈਂਬਰ ਸਵੈ-ਰੁਜ਼ਗਾਰ ਦੀਆਂ ਕਿਸਮਾਂ ਮੰਨੇ ਜਾਂਦੇ ਹਨ।

ਜੇ ਤੁਸੀਂ ਆਪਣੀ ਖੁਦ ਦੀ ਨਿਗਮਤ (ਇਨਕਾਰਪੋਰੇਟਿਡ) ਕੰਪਨੀ ਵਿਚ ਕੰਮ ਕਰਦੇ ਹੋ ਅਤੇ ਤੁਹਾਨੂੰ ਪ੍ਰੌਫਿਟ ਡਿਵੀਡੈਂਡਜ਼ (ਲਾਭ-ਅੰਸ਼ਾਂ) ਵਿੱਚ ਅਦਾਇਗੀ ਕੀਤੀ ਜਾਂਦੀ ਹੈ, ਤਾਂ ਵੀ ਤੁਹਾਨੂੰ ਸਵੈ-ਰੁਜ਼ਗਾਰਦਾਤਾ ਮੰਨਿਆ ਜਾ ਸਕਦਾ ਹੈ। ਪਰ ਜੇ ਤੁਹਾਨੂੰ ਤਨਖਾਹ ਦਿੱਤੀ ਜਾਂਦੀ ਹੈ, ਤਾਂ ਤੁਹਾਨੂੰ ਸਵੈ-ਰੁਜ਼ਗਾਰਦਾਤਾ (ਖੁਦ ਲਈ ਕੰਮ ਕਰਨ ਵਾਲੇ) ਨਹੀਂ ਮੰਨਿਆ ਜਾਂਦਾ। ਤੁਸੀਂ ਆਪਣੀ ਨਿੱਜੀ ਮਾਲਕੀਅਤ ਵਾਲੀ ਕੰਪਨੀ ਦੇ ਇੱਕ ਕਰਮਚਾਰੀ ਹੋ।

ਕਿਉਂਕਿ ਸਵੈ-ਰੁਜ਼ਗਾਰ ਵਾਲੇ ਦੀ ਆਮਦਨੀ ਹਰ ਸਾਲ ਵੱਖਰੀ ਹੋ ਸਕਦੀ ਹੈ, ਜੇ ਤੁਸੀਂ ਸਵੈ-ਰੁਜ਼ਗਾਰਦਾਤਾ (ਖੁਦ ਲਈ ਕੰਮ ਕਰਨ ਵਾਲੇ) ਹੋ ਤਾਂ ਤੁਹਾਡੀ ਸਾਲਾਨਾ ਕੁੱਲ ਆਮਦਨ ਕਈ ਕਾਰਕਾਂ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ:

ਤੁਹਾਡੀ ਸਾਲਾਨਾ ਕੁੱਲ ਆਮਦਨੀ ਟੱਕਰ ਸਮੇਂ ਕੀਤੇ ਸਵੈ-ਰੁਜ਼ਗਾਰ ਤੋਂ ਹੋਣ ਵਾਲੀ ਆਮਦਨੀ ਵਿੱਚੋਂ ਉਸ ਆਮਦਨੀ ਨਾਲ ਸੰਬੰਧਿਤ ਖਰਚਿਆਂ ਨੂੰ ਘਟਾਉਣ ਬਾਅਦ ਬਚੀ ਰਕਮ ਦੇ ਬਰਾਬਰ ਹੁੰਦੀ ਹੈ, ਅਤੇ ਵਪਾਰਕ ਆਮਦਨੀ ਦੀ ਸਭ ਤੋਂ ਵੱਡੀ ਰਕਮ ਹੁੰਦੀ ਹੈ ਜੋ ਤੁਸੀਂ ਪ੍ਰਾਪਤ ਕੀਤੀ ਹੈ ਜਾਂ ਹੇਠਾਂ ਦਿੱਤੇ ਸਮੇਂ ਦੀ ਮਿਆਦ ਦੌਰਾਨ ਤੁਸੀਂ ਜਿਸ ਨੂੰ ਪ੍ਰਾਪਤ ਕਰਨ ਦੇ ਹੱਕਦਾਰ ਸੀ:

- ਟੱਕਰ ਹੋਣ ਦੀ ਮਿਤੀ ਤੋਂ ਪਹਿਲਾਂ ਦੇ 52 ਹਫ਼ਤਿਆਂ ਲਈ।
- ਟੱਕਰ ਦੀ ਮਿਤੀ ਤੋਂ ਇਕਦਮ ਬਾਅਦ ਵਿੱਤੀ ਸਾਲ ਖਤਮ ਹੋਣ ਤੋਂ ਪਹਿਲਾਂ ਦੇ 52 ਹਫਤਿਆਂ ਲਈ।
- ਜੇ ਤੁਸੀਂ ਟੱਕਰ ਹੋਣ ਦੀ ਮਿਤੀ ਤੋਂ ਤੁਰੰਤ ਪਹਿਲਾਂ ਦੋ ਵਿੱਤੀ ਸਾਲਾਂ ਲਈ ਬਿਜ਼ਨਸ ਚਲਾਇਆ ਹੈ, ਤਾਂ ਅਸੀਂ ਉਸ ਵਿੱਤੀ ਸਾਲ ਦੇ ਅੰਤ ਤੋਂ ਪਹਿਲਾਂ ਦੇ 104 ਹਫ਼ਤੇ ਲੈਂਦੇ ਹਾਂ ਅਤੇ ਦੋ ਨਾਲ ਤਕਸੀਮ ਕਰਦੇ ਹਾਂ।
- ਜੇ ਤੁਸੀਂ ਟੱਕਰ ਦੀ ਮਿਤੀ ਤੋਂ ਤੁਰੰਤ ਪਹਿਲਾਂ ਤਿੰਨ ਵਿੱਤੀ ਸਾਲਾਂ ਲਈ ਬਿਜ਼ਨਸ ਚਲਾਇਆ ਹੈ, ਤਾਂ ਅਸੀਂ ਉਸ ਵਿੱਤੀ ਸਾਲ ਦੇ ਅੰਤ ਤੋਂ ਪਹਿਲਾਂ ਦੇ 156 ਹਫ਼ਤੇ ਲੈਂਦੇ ਹਾਂ ਅਤੇ ਤਿੰਨ ਨਾਲ ਤਕਸੀਮ ਕਰਦੇ ਹਾਂ।
- ਇੱਕ ਕੈਨੇਡੀਅਨ ਨਿਯੰਤਰਿਤ ਪ੍ਰਾਈਵੇਟ ਕਾਰਪੋਰੇਸ਼ਨ ਤੋਂ ਜੋ ਕਿ ਟੱਕਰ ਹੋਣ ਤੋਂ ਪਹਿਲਾਂ ਕੈਲੰਡਰ ਸਾਲ ਵਿੱਚ ਆਮਦਨੀ ਟੈਕਸ ਦੇ ਉਦੇਸ਼ਾਂ ਲਈ ਘੋਸ਼ਿਤ ਕੀਤੀ ਗਈ ਸੀ।
- ਰੁਜ਼ਗਾਰ ਦੇ ਕਾਰਜਕ੍ਰਮ ਦੀਆਂ ਕਲਾਸਾਂ ਦੇ ਅਨੁਸਾਰ।

### 2.4 ਤੁਹਾਡੀ ਸਵੈ-ਰੁਜ਼ਗਾਰ ਆਮਦਨੀ ਸਥਾਪਤ ਕਰਨਾ

ਜੇ ਤੁਹਾਡਾ ਬਿਜ਼ਨਸ ਸਿਰਫ ਕੁਝ ਮਹੀਨੇ ਪੁਰਾਣਾ ਹੈ, ਤਾਂ ਆਮਦਨੀ ਦੇ ਸਰੋਤਾਂ ਨੂੰ ਸੂਚੀਬੱਧ ਕਰਨ ਵਾਲਾ ਇੱਕ ਬਿਆਨ ਤੁਹਾਡੀ ਸਵੈ-ਰੁਜ਼ਗਾਰ ਆਮਦਨੀ ਨੂੰ ਸਥਾਪਤ ਕਰਨ ਲਈ ਕਾਫ਼ੀ ਹੋ ਸਕਦਾ ਹੈ।

ਪਰ ਜੇ ਤੁਹਾਡਾ ਬਿਜ਼ਨਸ ਕੁਝ ਮਹੀਨਿਆਂ ਤੋਂ ਵੱਧ ਸਮੇਂ ਤੋਂ ਕੰਮ ਕਰ ਰਿਹਾ ਹੈ, ਤਾਂ ਸਾਨੂੰ ਇਨਕਮ ਟੈਕਸ ਰਿਟਰਨ, ਫਾਈਨੈਂਸ਼ਲ ਸਟੇਟਮੈਂਟਸ (ਵਿੱਤੀ ਬਿਆਨ) ਜਾਂ ਟੈਕਸ ਅਸੈੱਸਮੈਂਟਸ (ਟੈਕਸ ਮੁੱਲਾਂਕਣ) ਦੇਖਣ ਦੀ ਜ਼ਰੂਰਤ ਹੋਏਗੀ।

### 2.5 ਹੋਰ ਵਿਚਾਰਨ ਯੋਗ ਚੀਜ਼ਾਂ

ਅਸੀਂ ਸਾਲਾਨਾ ਕੁੱਲ ਆਮਦਨੀ ਦਾ ਹਿਸਾਬ ਕਿਵੇਂ ਲਗਾਉਂਦੇ ਹਾਂ, ਇਸ ਵਿੱਚ ਕਈ ਵੇਰਵੇ ਸ਼ਾਮਲ ਹਨ, ਜਿਵੇਂ ਕਿ ਸ਼ਿਫਟ ਪ੍ਰੀਮੀਅਮ, ਸਮੇਂ-ਸਮੇਂ ਸਿਰ ਓਵਰਟਾਈਮ, ਆਮਦਨੀ ਵਿੱਚ ਮੌਸਮੀ ਉਤਰਾਅ-ਚੜ੍ਹਾਅ, ਬੀਮਾਰੀ ਲਈ ਕ੍ਰੈਡਿਟ ਅਤੇ ਛੁੱਟੀਆਂ ਦਾ ਸਮਾਂ।

ਤੁਹਾਡਾ ਸਹਾਇਤਾ ਅਤੇ ਰਿਕਵਰੀ ਮਾਹਰ ਹਰ ਉਸ ਚੀਜ਼ ਬਾਰੇ ਵਿਆਖਿਆ ਕਰ ਸਕਦਾ ਹੈ ਜਿਸ ਦੀ ਸਾਨੂੰ ਜ਼ਰੂਰਤ ਹੈ ਅਤੇ ਉਸ ਨਾਲ ਅਸੀਂ ਤੁਹਾਨੂੰ ਮਿਲਣ ਵਾਲੇ ਇਨਕਮ ਰਿਪਲੇਸਮੈਂਟ ਲਾਭ ਦਾ ਹਿਸਾਬ ਕਿਵੇਂ ਲਗਾਉਂਦੇ ਹਾਂ।

## 3. ਅਸੀਂ ਤੁਹਾਡੀ ਨਿਰੋਲ ਆਮਦਨੀ ਦਾ ਹਿਸਾਬ ਲਗਾਉਂਦੇ ਹਾਂ

ਤੁਹਾਡੀ ਨਿਰੋਲ ਆਮਦਨੀ ਅੰਦਾਜ਼ਨ ਉਤਨੀ ਰਾਸ਼ੀ ਦੇ ਬਰਾਬਰ ਹੁੰਦੀ ਹੈ, ਜੋ ਤੁਹਾਨੂੰ ਟੱਕਰ ਤੋਂ ਪਹਿਲਾਂ ਟੈਕਸ ਅਤੇ ਹੋਰ ਕਟੌਤੀਆਂ ਕੱਟਣ ਤੋਂ ਬਾਅਦ ਮਿਲਦੀ ਸੀ।

ਤੁਹਾਡੀ ਨਿਰੋਲ ਆਮਦਨੀ ਤੁਹਾਡੇ ਆਮਦਨੀ ਟੈਕਸ ਦੀ ਸਥਿਤੀ ਅਤੇ ਤੁਹਾਡੇ ਵੱਲੋਂ ਆਪਣੀ ਟੈਕਸਯੋਗ ਆਮਦਨੀ ਵਿੱਚੋਂ ਕੈਨੇਡਾ ਪੈਨਸ਼ਨ ਪਲੈਨ ਅਤੇ ਇਮਪਲੌਇਮੈਂਟ ਇੰਸ਼ੋਰੈਂਸ ਲਈ ਕੀਤੇ ਯੋਗਦਾਨਾਂ 'ਤੇ ਵਿਚਾਰ ਕਰਕੇ ਨਿਰਧਾਰਤ ਕੀਤੀ ਜਾਂਦੀ ਹੈ।

ਅਸੀਂ ਉਸ ਜਾਣਕਾਰੀ ਦੀ ਵਰਤੋਂ ਕਰਾਂਗੇ ਜੋ ਤੁਸੀਂ ਆਪਣੀ ਨਿਰੋਲ ਸਾਲਾਨਾ ਆਮਦਨੀ ਨਿਰਧਾਰਤ ਕਰਨ ਲਈ ਪ੍ਰਦਾਨ ਕਰੋਗੇ। ਅਸੀਂ ਉਸ ਸਾਲ ਤੋਂ ਪਹਿਲਾਂ ਦੇ ਸਾਲ ਵਿੱਚ ਲਾਗੂ ਆਮਦਨੀ ਟੈਕਸ ਨਿਯਮਾਂ ਦੀ ਪਾਲਣਾ ਕਰਦੇ ਹਾਂ ਜਿਸ ਸਾਲ ਵਿੱਚ ਅਸੀਂ ਹਿਸਾਬ ਲਗਾ ਰਹੇ ਹਾਂ।

## 4. ਅਸੀਂ ਤੁਹਾਡੇ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਦਾ ਹਿਸਾਬ ਲਗਾਉਂਦੇ ਹਾਂ

ਤੁਹਾਡਾ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਇਹਨਾਂ ਵਿੱਚੋਂ ਕਿਸੇ ਇੱਕ 'ਤੇ ਅਧਾਰਿਤ ਹੋਵੇਗਾ:

- ਕਦਮ 3 ਵਿੱਚ ਮਿੱਥੀ ਗਈ ਤੁਹਾਡੀ ਕੁੱਲ ਆਮਦਨ ਦਾ 90 ਪ੍ਰਤੀਸ਼ਤ ਜਾਂ
- ਤੁਹਾਡੀ ਔਸਤ ਕੁੱਲ ਹਫ਼ਤਾਵਾਰੀ ਕਮਾਈ ਦਾ 75 ਪ੍ਰਤੀਸ਼ਤ।

ਹਿਸਾਬ ਲਾਉਣ ਦੇ ਜਿਸ ਵੀ ਢੰਗ ਨਾਲ ਮਿੱਥੀ ਗਈ ਰਕਮ ਜ਼ਿਆਦਾ ਹੋਵੇਗੀ, ਤੁਹਾਨੂੰ ਲਾਭ ਦੀ ਉਹ ਰਕਮ ਪ੍ਰਾਪਤ ਹੋਵੇਗੀ, ਅਤੇ ਜਿਹੜੀਆਂ ਵੀ ਰਕਮਾਂ ਤੁਹਾਨੂੰ ਦੂਜੇ ਸਰੋਤਾਂ ਤੋਂ ਅਦਾ ਕੀਤੀਆਂ ਜਾਣਗੀਆਂ, ਉਹ ਤੁਹਾਡੇ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਵਿੱਚੋਂ ਘਟਾ ਦਿੱਤੀਆਂ ਜਾਣਗੀਆਂ।

**ਇਹ ਰਕਮ ਤੁਹਾਨੂੰ ਹਰ ਦੋ ਹਫ਼ਤਿਆਂ ਵਿੱਚ ਅਦਾ ਕੀਤੀ ਜਾਏਗੀ, ਜਦ ਤੱਕ ਹੇਠ ਲਿਖਿਆਂ ਵਿਚੋਂ ਕੋਈ ਇੱਕ ਨਾ ਹੋਵੇ:**

- ਤੁਸੀਂ ਕੰਮ ਤੇ ਵਾਪਸ ਆ ਜਾਂਦੇ ਹੋ।

- ਤੁਹਾਡਾ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਇਸ ਗਾਈਡ ਦੇ ਦੂਜੇ ਹਿੱਸਿਆਂ ਵਿੱਚ ਵਿਚਾਰੇ ਗਏ ਕਾਰਨਾਂ ਕਰਕੇ ਸੋਧਿਆ ਗਿਆ ਹੈ।
- ਤੁਸੀਂ ਰਿਟਾਇਰਮੈਂਟ ਆਮਦਨੀ ਲਾਭ ਲਈ ਯੋਗ ਬਣ ਜਾਂਦੇ ਹੋ।
- ਤੁਹਾਡੇ ਲਾਭ ਬੰਦ ਕਰ ਦਿੱਤੇ ਗਏ ਹਨ, ਕਿਉਂਕਿ ਤੁਸੀਂ ਨਿਯਮਾਂ ਵਿੱਚ ਦਰਜ ਸ਼ਰਤਾਂ ਨੂੰ ਪੂਰਾ ਨਹੀਂ ਕਰਦੇ।

**ਕਿਰਪਾ ਕਰਕੇ ਨੋਟ ਕਰੋ:**

ਜਿਹੜੀਆਂ ਵੀ ਰਕਮਾਂ ਤੁਹਾਨੂੰ ਦੂਜੇ ਸਰੋਤਾਂ ਤੋਂ ਮਿਲਣਗੀਆਂ, ਉਨ੍ਹਾਂ ਨੂੰ ਤੁਹਾਡੇ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਵਿੱਚੋਂ ਘਟਾ ਦਿੱਤਾ ਜਾਵੇਗਾ।

ਉਦਾਹਰਣ ਲਈ, ਜੇ ਤੁਹਾਨੂੰ ਟੱਕਰ ਹੋਣ ਕਾਰਨ ਇਮਪਲੌਏਮੈਂਟ ਇਨਸ਼ੋਰੈਂਸ ਲਾਭ, ਕੰਮ-ਮਾਲਕ ਅਪਾਹਜਤਾ ਲਾਭ (ਇਮਪਲੌਇਰ ਡਿਸਏਬਲਟੀ ਬੈਨੀਫਿਟਸ), ਨਿੱਜੀ ਅਪਾਹਜਤਾ ਦੀਆਂ ਯੋਜਨਾਵਾਂ (ਪ੍ਰਾਈਵੇਟ ਡਿਸਏਬਲਟੀ ਪਲੈਨਜ਼) ਜਾਂ ਕੈਨੇਡਾ ਪੈਨਸ਼ਨ ਪਲੈਨ ਤੋਂ ਅਪਾਹਜਤਾ ਲਾਭ ਮਿਲਦੇ ਹਨ, ਤਾਂ ਤੁਹਾਡਾ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਉਸ ਅਨੁਸਾਰ ਘੱਟ ਸਕਦਾ ਹੈ।

# ਵੱਧ ਤੋਂ ਵੱਧ ਸਾਲਾਨਾ ਬੀਮਾਯੋਗ ਰਕਮ

1 ਅਪ੍ਰੈਲ 2024 ਤੋਂ ਤੁਹਾਡੇ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਦਾ ਹਿਸਾਬ ਲਾਉਣ ਲਈ ਅਸੀਂ ਜਿਸ ਵੱਧ ਤੋਂ ਵੱਧ ਸਾਲਾਨਾ ਕੁੱਲ ਆਮਦਨੀ ਰਾਸ਼ੀ ਦਾ ਉਪਯੋਗ ਕਰਦੇ ਹਾਂ, ਉਹ $113,000 ਹੈ। ਤੁਸੀਂ ਇਸ ਤੋਂ ਵੱਧ ਆਮਦਨੀ ਲਈ ਆਪਸ਼ਨਲ ਪਾਲਿਸੀ (ਇਖ਼ਤਿਆਰੀ ਪਾਲਸੀ) ਖਰੀਦ ਸਕਦੇ ਹੋ, ਜੋ $113,000 ਦੀ ਹੱਦ ਤੋਂ ਵੱਧ ਦੀ ਕਵਰੇਜ ਪ੍ਰਦਾਨ ਕਰਦੀ ਹੈ।

# ਵਰਕਸੇਫ ਬੀ.ਸੀ. ਦੀਆਂ ਅਦਾਇਗੀਆਂ

ਜੇ ਤੁਸੀਂ ਆਪਣੀ ਟੱਕਰ ਵੇਲੇ ਕੰਮ ਕਰ ਰਹੇ ਸੀ ਤਾਂ ਤੁਸੀਂ ਵਰਕਸੇਫ ਬੀ ਸੀ ਤੋਂ ਲਾਭ ਲੈਣ ਦੇ ਯੋਗ ਹੋ ਸਕਦੇ ਹੋ।

ਤੁਹਾਡੇ ਆਈ ਸੀ ਬੀ ਸੀ ਲਾਭ ਸਿਰਫ ਤਾਂ ਹੀ ਲਾਗੂ ਹੋਣਗੇ ਜੇ ਉਹ ਵਰਕਸੇਫ ਬੀ ਸੀ ਤੋਂ ਮਿਲਣ ਵਾਲੇ ਤੁਹਾਡੇ ਲਾਭਾਂ ਤੋਂ ਵਧੇਰੇ ਹੋਣਗੇ।

# ਨਾਬਾਲਗਾਂ ਲਈ ਕਵਰੇਜ

ਇਨਹਾਂਸਡ ਕੇਅਰ 19 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਨਾਬਾਲਗ ਵਜੋਂ ਪਰਿਭਾਸ਼ਤ ਕਰਦੀ ਹੈ ਅਤੇ ਉਹਨਾਂ ਨੂੰ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਪ੍ਰਦਾਨ ਕਰਦੀ ਹੈ ਜਿਸ ਵਿੱਚ ਸ਼ਾਮਲ ਹਨ:

- ਜੇ ਉਸ ਦੇ ਟੱਕਰ ਵਿੱਚ ਸੱਟ ਨਾ ਲੱਗੀ ਹੁੰਦੀ ਤਾਂ ਨਾਬਾਲਗ ਵੱਲੋਂ ਕਮਾਈ ਜਾ ਸਕਣ ਵਾਲੀ ਕਿਸੇ ਵੀ ਆਮਦਨੀ ਲਈ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ।
- ਹਰ ਸਕੂਲੀ ਸਾਲ ਲਈ ਇੱਕਮੁਸ਼ਤ ਲਾਭ ਜੋ ਨਾਬਾਲਗ ਟੱਕਰ ਵਿੱਚ ਸੱਟਾਂ ਲੱਗਣ ਕਾਰਨ ਪੂਰਾ ਕਰਨ ਦੇ ਯੋਗ ਨਹੀਂ ਹੈ। ਇਹ ਸਕੂਲੀ ਸਾਲ ਜਾਂ ਪੂਰੀ ਨਾ ਕੀਤੀ ਗਈ ਟਰਮ (ਸਿੱਖਿਆ ਕਾਲ) ਲਈ ਅਦਾ ਕੀਤਾ ਜਾਵੇਗਾ। ਜੇ ਕੋਈ ਨਾਬਾਲਗ ਆਪਣੀ ਸੱਟ ਲੱਗਣ ਦੇ ਨਤੀਜੇ ਵਜੋਂ ਆਪਣੀ ਪੜ੍ਹਾਈ ਦੇ ਅੰਤ ਵਿੱਚ ਕੰਮ ਕਰਨ ਦੇ ਯੋਗ ਨਹੀਂ ਹੁੰਦਾ, ਤਾਂ ਉਹ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਦੇ ਯੋਗ ਹੋਵੇਗਾ।

**ਨਾਬਾਲਗਾਂ ਦਾ ਉਹਨਾਂ ਦੇ ਸਕੂਲ ਗਰੇਡ ਦੇ ਅਧਾਰ 'ਤੇ ਪੜ੍ਹਾਈ ਲਾਭ ਦੇ ਨੁਕਸਾਨ ਲਈ ਮੁਲਾਂਕਣ ਕੀਤਾ ਜਾਂਦਾ ਹੈ:**

- ਕਿੰਡਰਗਾਰਟਨ ਤੋਂ ਗਰੇਡ 8
- ਗਰੇਡ 9 ਤੋਂ ਗਰੇਡ 12

## ਸਕੂਲ ਸਾਲ ਦੀ ਪਰਿਭਾਸ਼ਾ

ਇਸ ਤੋਂ ਇਲਾਵਾ ਪੜ੍ਹਾਈ ਦੇ ਨੁਕਸਾਨ (ਲੌਸ ਆਫ ਸਟੱਡੀਜ਼) ਦਾ ਫੈਸਲਾ ਕਰਨ ਦੇ ਉਦੇਸ਼ਾਂ ਲਈ, ਇਕ ਸਕੂਲੀ ਸਾਲ 1 ਜੁਲਾਈ ਤੋਂ ਸ਼ੁਰੂ ਹੁੰਦਾ ਹੈ ਅਤੇ 30 ਜੂਨ ਨੂੰ ਖ਼ਤਮ ਹੁੰਦਾ ਹੈ।

ਇੱਕਮੁਸ਼ਤ ਲਾਭ ਉਦੋਂ ਭੁਗਤਾਨ ਯੋਗ ਹੁੰਦਾ ਹੈ ਜਦੋਂ ਟੱਕਰ ਵਿੱਚ ਲੱਗੀ ਕੋਈ ਸੱਟ , ਇੱਕ ਨਾਬਾਲਗ ਨੂੰ ਸਕੂਲੀ ਸਾਲ ਪੂਰਾ ਕਰਨ ਤੋਂ ਰੋਕਦੀ ਹੈ।

ਲਾਭ 1 ਜੁਲਾਈ ਨੂੰ ਪਿਛਲੇ ਸਕੂਲੀ ਸਾਲ ਦੇ ਕੁੱਝ ਹਿੱਸੇ ਜਾਂ ਪੂਰੇ ਸਾਲ ਦੇ ਨੁਕਸਾਨ ਲਈ ਭੁਗਤਾਨ ਯੋਗ ਹੁੰਦਾ ਹੈ।

**ਲਾਭ ਦੀ ਰਕਮ ਹੇਠਾਂ ਦਿੱਤੀ ਗਈ ਹੈ:**

- ਕਿੰਡਰਗਾਰਟਨ ਤੋਂ ਗਰੇਡ 8 = $6,451
- ਗਰੇਡ 9 ਤੋਂ ਗਰੇਡ 12 = $11,956

ਇੱਕ ਨਾਬਾਲਗ ਉਸ ਸਮੇਂ ਦੇ ਦੌਰਾਨ ਪੜ੍ਹਾਈ ਦੇ ਨੁਕਸਾਨ (ਲੌਸ ਆਫ ਸਟੱਡੀਜ਼) ਦੇ ਲਾਭਾਂ ਲਈ ਯੋਗ ਹੁੰਦਾ ਹੈ ਜਦੋਂ ਉਹ ਆਪਣੀ ਸੱਟ ਲੱਗਣ ਕਾਰਨ, ਪੜ੍ਹਾਈ ਸ਼ੁਰੂ ਕਰਨ ਜਾਂ ਜਾਰੀ ਰੱਖਣ ਦੇ ਯੋਗ ਨਹੀਂ ਹੁੰਦਾ। ਯੋਗਤਾ ਉਸ ਦਿਨ ਖਤਮ ਹੁੰਦੀ ਹੈ ਜਿਹੜਾ ਦਿਨ ਟੱਕਰ ਦੇ ਸਮੇਂ ਉਸ ਵੱਲੋਂ ਆਪਣੀ ਮੌਜੂਦਾ ਪੜ੍ਹਾਈ ਨੂੰ ਪੂਰਾ ਕਰਨ ਲਈ ਤਹਿ ਕੀਤਾ ਗਿਆ ਸੀ।

ਜੇ ਕੋਈ ਨਾਬਾਲਗ ਟੱਕਰ ਵਿੱਚ ਜ਼ਖਮੀ ਹੋਣ ਕਰਕੇ ਅਜੇ ਵੀ ਕੰਮ ਕਰਨ ਜਾਂ ਆਪਣੀ ਪੜ੍ਹਾਈ ਸ਼ੁਰੂ ਜਾਂ ਜਾਰੀ ਰੱਖਣ ਵਿੱਚ ਅਸਮਰੱਥ ਹੈ, ਤਾਂ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਉਸ ਸਾਲ ਦੀ 1 ਜੁਲਾਈ ਨੂੰ ਸ਼ੁਰੂ ਹੋਣ ਵਾਲੀ ਸਨਅਤੀ ਔਸਤ ਤਨਖਾਹ (ਇੰਡਸਟਰੀਅਲ ਵੇਜ) ਦੇ ਆਧਾਰ 'ਤੇ ਸ਼ੁਰੂ ਸ਼ੁਰੂ ਹੁੰਦਾ ਹੈ ਜਿਸ ਸਾਲ ਨਾਬਾਲਗ 18 ਸਾਲ ਦਾ ਹੋ ਜਾਂਦਾ ਹੈ। ਸਨਅਤੀ ਔਸਤ ਤਨਖਾਹ (ਐਵਰੇਜ ਇੰਡਸਟਰੀਅਲ ਵੇਜ) ਬੀ.ਸੀ. ਵਿੱਚ ਸਾਰੇ ਕਰਮਾਚਾਰੀਆਂ ਲਈ ਸਟੈਟਿਸਟਿਕਸ ਕੈਨੇਡਾ ਦੇ ਡੈਟਾ ਦੀ ਵਰਤੋਂ ਕਰਕੇ ਨਿਰਧਾਰਿਤ ਕੀਤੀ ਜਾਂਦੀ ਹੈ।੧ ਅਪ੍ਰੈਲ 2024 ਤੋਂ ਇਹ ਰਾਸ਼ੀ $61,585.45 ਹੈ।

## ਵਿਦਿਆਰਥੀਆਂ ਲਈ ਕਵਰੇਜ

**ਅਸੀਂ ਤੁਹਾਨੂੰ ਇੱਕ ਵਿਦਿਆਰਥੀ ਮੰਨਦੇ ਹਾਂ ਜੇ ਟੱਕਰ ਦੇ ਸਮੇਂ, ਤੁਸੀਂ :**

- 19 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ ਅਤੇ ਇੱਕ ਸੈਕੰਡਰੀ ਸਕੂਲ ਜਾਂ ਪੋਸਟ-ਸੈਕੰਡਰੀ ਵਿਦਿਅਕ ਸੰਸਥਾ ਵਿੱਚ ਫੁੱਲ ਟਾਈਮ ਪੜ੍ਹ ਰਹੇ ਹੋ ਜਾਂ
- ਅਜਿਹੇ ਨਾਬਾਲਗ ਹੋ ਜੋ ਸੈਕੰਡਰੀ ਸਕੂਲ ਤੋਂ ਗ੍ਰੈਜੂਏਟ ਹੋ ਗਿਆ ਹੈ ਜਾਂ ਜਿਸ ਨੇ ਸੈਕੰਡਰੀ ਸਕੂਲ ਤੋਂ ਗ੍ਰੈਜੂਏਟ ਹੋਣ ਦੀਆਂ ਸ਼ਰਤਾਂ ਪੂਰੀਆਂ ਕਰ ਲਈਆਂ ਹਨ, ਅਤੇ ਜੋ ਕਿਸੇ ਪੋਸਟ-ਸੈਕੰਡਰੀ ਸੰਸਥਾ ਵਿੱਚ ਫੁੱਲ ਟਾਈਮ ਜਾਂਦਾ ਹੈ।

**ਇਨਹਾਂਸਡ ਐਕਸੀਡੈਂਟ ਲਾਭ ਤੁਹਾਨੂੰ ਹੇਠ ਦਿੱਤੇ ਅਨੁਸਾਰ ਅਦਾ ਕਰਨਗੇ:**

- ਹਰੇਕ ਸਕੂਲੀ ਸਾਲ ਲਈ ਇੱਕਮੁਸ਼ਤ ਲਾਭ ਜੋ ਤੁਸੀਂ ਟੱਕਰ ਵਿੱਚ ਲੱਗੀਆਂ ਸੱਟਾਂ ਦੇ ਕਾਰਨ ਪੂਰਾ ਨਹੀਂ ਕਰ ਪਾਉਂਦੇ।
- ਜਦੋਂ ਤੁਸੀਂ ਕੋਈ ਟਰਮ ਜਾਂ ਸਮੈਸਟਰ ਪੂਰਾ ਨਹੀਂ ਕਰ ਸਕਦੇ ਤਾਂ ਇਹ ਲਾਭ ਉਸ ਦੇ ਸਮੇਂ ਦੇ ਹਿਸਾਬ ਨਾਲ ਵੰਡਿਆ ਜਾਂਦਾ ਹੈ।
- ਕਿਸੇ ਵੀ ਉਸ ਆਮਦਨੀ ਲਈ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ, ਜੋ ਤੁਸੀਂ ਕਮਾਉਣੀ ਸੀ, ਪਰ ਟੱਕਰ ਵਿੱਚ ਸੱਟ ਲੱਗਣ ਕਾਰਨ ਜ਼ਖਮੀ ਹੋਣ ਕਰਕੇ ਨਹੀਂ ਕਮਾ ਸਕੇ।

ਟੱਕਰ ਦੌਰਾਨ ਸੱਟ ਲੱਗਣ ਕਾਰਨ ਸੈਕੰਡਰੀ ਸਕੂਲ ਦਾ ਪੂਰਾ ਸਾਲ ਗੁਆਉਣ ਵਾਲੇ ਵਿਦਿਆਰਥੀ, ਇੱਕ ਸਾਲ ਵਿੱਚ ਵੱਧ ਤੋਂ ਵੱਧ $11,956 ਤੱਕ ਦਾ ਇੱਕਮੁਸ਼ਤ ਲਾਭ ਪ੍ਰਾਪਤ ਕਰਦੇ ਹਨ। ਪੋਸਟ-ਸੈਕੰਡਰੀ ਸਕੂਲ ਦਾ ਇੱਕ ਸਾਲ ਗੁਆਉਣ ਵਾਲੇ ਵਿਦਿਆਰਥੀਆਂ ਲਈ ਇਹ ਰਕਮ $23,912 ਹੈ।

ਜੇ ਤੁਹਾਡੀ ਟਿਊਸ਼ਨ ਮੋੜੀ ਨਹੀਂ ਜਾਂਦੀ ਅਤੇ ਉਹ ਰਕਮ ਪੜ੍ਹਾਈ ਦੇ ਨੁਕਸਾਨ (ਲੌਸ ਆਫ ਸਟੱਡੀਜ਼) ਦੀ ਰਕਮ ਨਾਲੋਂ ਵਧੇਰੇ ਹੈ, ਤਾਂ ਤੁਸੀਂ ਆਪਣੀ ਟਿਊਸ਼ਨ ਲਈ ਅਦਾਇਗੀ ਕੀਤੇ ਜਾਣ ਦੇ ਯੋਗ ਹੋਵੋਗੇ।

ਜੇ ਤੁਸੀਂ ਸਕੂਲ ਦੀ ਇਕ ਟਰਮ (ਸਿੱਖਿਆ ਕਾਲ) ਗੁਆ ਲੈਂਦੇ ਹੋ, ਤਾਂ ਇੱਕਮੁਸ਼ਤ ਰਕਮ ਉਸ ਦੇ ਸਮੇਂ ਦੇ ਹਿਸਾਬ ਨਾਲ ਮਿੱਥੀ ਜਾਂਦੀ ਹੈ। ਉਦਾਹਰਣ ਲਈ, ਜੇ ਵਿਦਿਆਰਥੀ ਦੇ ਸੈਕੰਡਰੀ ਸਕੂਲ ਦੇ ਸਾਲ ਵਿੱਚ ਤਿੰਨ ਟਰਮਾਂ ਹਨ ਅਤੇ ਵਿਦਿਆਰਥੀ ਇੱਕ ਟਰਮ ਗੁਆਉਂਦਾ ਹੈ, ਤਾਂ ਉਸ ਨੂੰ ਇੱਕਮੁਸ਼ਤ ਲਾਭ ਦਾ ਇੱਕ ਤਿਹਾਈ ਹਿੱਸਾ ਪ੍ਰਾਪਤ ਹੋਏਗਾ।

ਜੇ ਤੁਸੀਂ ਪੂਰਾ ਸਕੂਲੀ ਸਾਲ ਗੁਆ ਬੈਠਦੇ ਹੋ, ਤਾਂ ਇੱਕਮੁਸ਼ਤ ਲਾਭ ਉਸ ਸਕੂਲੀ ਸਾਲ ਤੋਂ ਬਾਅਦ ੧ ਜੁਲਾਈ ਨੂੰ ਭੁਗਤਾਨ ਯੋਗ ਹੋ ਜਾਏਗਾ।

ਜੇ ਤੁਸੀਂ ਸਕੂਲ ਸਾਲ ਦੀ ਕੋਈ ਟਰਮ ਜਾਂ ਸਮੈਸਟਰ ਗੁਆ ਦਿੰਦੇ ਹੋ, ਤਾਂ ਇੱਕਮੁਸ਼ਤ ਲਾਭ ਉਸ ਟਰਮ ਜਾਂ ਸਾਲ ਦੇ ਅੰਤ 'ਤੇ ਅਦਾ ਕੀਤਾ ਜਾਂਦਾ ਹੈ।

### ਕਿਰਪਾ ਕਰਕੇ ਨੋਟ ਕਰੋ:

ਇਹ ਇੱਕਮੁਸ਼ਤ ਰਕਮਾਂ ਤੁਹਾਡੀ ਮੌਜੂਦਾ ਪੜ੍ਹਾਈ ਲਈ ਨਿਰਧਾਰਤ ਅੰਤ ਦੀ ਮਿਤੀ ਤੱਕ ਜਾਰੀ ਰਹਿੰਦੀਆਂ ਹਨ।

ਉਦਾਹਰਣ ਵਜੋਂ, ਜੇ ਤੁਸੀਂ ਇਸ ਸਮੇਂ ਸੈਕੰਡਰੀ ਸਕੂਲ ਵਿੱਚ ਹੋ, ਤਾਂ ਅੰਤ ਦੀ ਮਿਤੀ ਸੈਕੰਡਰੀ ਸਕੂਲ ਦੀ ਸਮਾਪਤੀ ਹੋਵੇਗੀ। ਪਰ ਜੇ ਤੁਸੀਂ ਵਰਤਮਾਨ ਵਿੱਚ ਸੈਕੰਡਰੀ ਤੋਂ ਬਾਅਦ ਦੀ ਵਿਦਿਅਕ ਸੰਸਥਾ ਵਿੱਚ ਹੋ, ਤਾਂ ਅੰਤ ਦੀ ਮਿਤੀ ਤੁਹਾਡੇ ਪ੍ਰੋਗਰਾਮ ਦੇ ਮੁਕੰਮਲ ਹੋਣ ਦੀ ਨਿਰਧਾਰਤ ਮਿਤੀ ਹੋਵੇਗੀ।

**ਕਿਰਪਾ ਕਰਕੇ ਨੋਟ ਕਰੋ:(ਪੰਨਾ 18 ਤੋਂ ਜਾਰੀ)**

ਆਪਣੀ ਪੜ੍ਹਾਈ ਦੇ ਨਿਰਧਾਰਤ ਅੰਤ ਤੋਂ ਬਾਅਦ, ਤੁਹਾਨੂੰ ਸਨਅਤੀ ਔਸਤ ਤਨਖਾਹ (ਐਵਰੇਜ ਇੰਡਸਟਰੀਅਲ ਵੇਜ) ਦੇ ਆਧਾਰ 'ਤੇ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਪ੍ਰਾਪਤ ਹੋਏਗਾ, ਜੋ ਕਿ 1 ਅਪ੍ਰੈਲ 2024 ਤੋਂ $61,585.45 ਹੈ। ਤੁਹਾਡੀ ਪੜ੍ਹਾਈ ਦੀ ਕਿਸਮ ਦੇ ਆਧਾਰ 'ਤੇ ਰਕਮ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ। ਪੋਸਟ ਸੈਕੰਡਰੀ ਤੋਂ ਬਾਅਦ ਦੀ ਪੜ੍ਹਾਈ, ਰੈੱਡ-ਸੀਲ ਪ੍ਰੋਗਰਾਮਾਂ ਅਤੇ ਪੋਸਟ-ਗ੍ਰੈਜੂਏਟ ਪ੍ਰੋਗਰਾਮਾਂ ਲਈ ਵਿਵਸਥਾਵਾਂ ਹਨ। ਇਹ ਲਾਭ ਉਦੋਂ ਤੱਕ ਜਾਰੀ ਰਹਿਣਗੇ ਜਦੋਂ ਤੱਕ ਤੁਸੀਂ ਯੋਗ ਹੋ।

## 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਕਵਰੇਜ

**ਜੇ ਤੁਸੀਂ 65 ਜਾਂ ਇਸ ਤੋਂ ਵੱਧ ਉਮਰ ਦੇ ਹੋ, ਤਾਂ ਅਸੀਂ ਤੁਹਾਡਾ ਇਨ੍ਹਾਂ ਤਿੰਨ ਸ਼੍ਰੇਣੀਆਂ ਦੇ ਅਧਾਰ 'ਤੇ ਮੁਲਾਂਕਣ ਕਰਦੇ ਹਾਂ:**

1. ਜੇ ਟੱਕਰ ਹੋਣ ਵੇਲੇ ਤਹਾਡੇ ਕੋਲ ਰੁਜ਼ਗਾਰ ਨਹੀਂ ਸੀ, ਤਾਂ ਤੁਸੀਂ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਜਾਂ ਰਿਟਾਇਰਮੈਂਟ ਇਨਕਮ (ਆਮਦਨੀ) ਲਾਭ ਲਈ ਯੋਗ ਨਹੀਂ ਹੋ।
2. ਜੇ ਤੁਸੀਂ ਟੱਕਰ ਹੋਣ ਵੇਲੇ ਨੌਕਰੀ ਕਰ ਰਹੇ ਹੋ, ਤਾਂ ਤੁਸੀਂ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਲਈ ਯੋਗ ਹੋ ਜੇ ਸੱਟਾਂ ਕਾਰਨ ਤੁਸੀਂ ਕੰਮ ਨਹੀਂ ਕਰ ਸਕਦੇ।
3. ਜੇ ਤੁਸੀਂ 65 ਸਾਲ ਦੀ ਉਮਰ 'ਤੇ ਘੱਟੋ-ਘੱਟ ਪੰਜ ਸਾਲਾਂ ਤੋਂ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਪ੍ਰਾਪਤ ਕਰ ਰਹੇ ਹੋ, ਤਾਂ ਤੁਸੀਂ ਰਿਟਾਇਰਮੈਂਟ ਇਨਕਮ (ਆਮਦਨੀ) ਲਾਭ ਪ੍ਰਾਪਤ ਕਰਨ ਦੇ ਯੋਗ ਹੋਵੋਗੇ। ਇਸ ਬਾਰੇ ਤੁਸੀਂ ਇਸ ਸੈਕਸ਼ਨ ਵਿੱਚ **ਰਿਟਾਇਰਮੈਂਟ ਇਨਕਮ ਲਾਭ** p.24 ਤਹਿਤ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

**ਕਿਰਪਾ ਕਰਕੇ ਨੋਟ ਕਰੋ:**

ਅਸੀਂ 65 ਸਾਲ ਤੋਂ ਵੱਧ ਉਮਰ ਦੇ ਨੌਕਰੀ ਕਰ ਰਹੇ ਵਿਅਕਤੀ ਲਈ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਦਾ ਹਿਸਾਬ ਦੂਜੇ ਦਾਅਵੇਦਾਰਾਂ ਵਾਂਗ ਹੀ ਲਾਉਂਦੇ ਹਾਂ।

**ਪਰ ਤੁਹਾਡਾ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਲਿਣ ਵਾਲਾ) ਲਾਭ ਖ਼ਤਮ ਹੋ ਜਾਂਦਾ ਹੈ:**

- ਜੇ ਤੁਸੀਂ ਟੱਕਰ ਹੋਣ ਤੋਂ ਪਹਿਲਾਂ ਵਾਂਗ ਹੀ ਕੰਮ ਕਰਨ ਦੇ ਯੋਗ ਹੋ।
- ਰਿਟਾਇਰਮੈਂਟ ਇਨਕਮ (ਆਮਦਨੀ) ਲਾਭ ਲਈ ਯੋਗ ਬਣਨ ਤੋਂ ਬਾਅਦ ਪਹਿਲੀ 30 ਜੂਨ ਨੂੰ।

## ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਕੌਣ ਪ੍ਰਾਪਤ ਕਰ ਸਕਦਾ ਹੈ?

**ਜੇ ਟੱਕਰ ਹੋਣ ਵੇਲੇ ਤੁਸੀਂ ਨੌਕਰੀ ਕਰਦੇ ਸੀ:**

» ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਟੱਕਰ ਤੋਂ ਅੱਠ ਦਿਨਾਂ ਬਾਅਦ ਸ਼ੁਰੂ ਹੁੰਦਾ ਹੈ।

» ਇਨਹਾਂਸਡ ਐਕਸੀਡੈਂਟ ਲਾਭ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਪ੍ਰਦਾਨ ਕਰਦੇ ਹਨ, ਜੇ ਤੁਸੀਂ ਫੁੱਲ ਟਾਈਮ, ਪਾਰਟ ਟਾਈਮ ਜਾਂ ਆਰਜ਼ੀ ਤੌਰ 'ਤੇ ਕੰਮ ਕਰ ਰਹੇ ਸੀ ਅਤੇ ਤੁਸੀਂ ਆਪਣੀ ਸੱਟ ਲੱਗਣ ਕਾਰਨ ਕੰਮ ਜਾਰੀ ਨਹੀਂ ਰੱਖ ਸਕਦੇ।

**ਜੇਕਰ ਤੁਸੀਂ ਟੱਕਰ ਦੇ ਸਮੇਂ ਕੰਮ ਕਰ ਸਕਦੇ ਹੁੰਦੇ, ਪਰ ਨਹੀਂ ਕਰ ਰਹੇ ਸੀ:**

» ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਟੱਕਰ ਤੋਂ 180 ਦਿਨਾਂ ਬਾਅਦ ਸ਼ੁਰੂ ਹੁੰਦਾ ਹੈ। ਪਰ ਤੁਸੀਂ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਲਈ ਤਾਂ ਹੀ ਯੋਗ ਹੋ, ਜੇ ਤੁਸੀਂ ਅਜੇ ਵੀ ਟੱਕਰ ਵਿੱਚ ਲੱਗੀਆਂ ਸੱਟਾਂ ਕਾਰਨ ਕੰਮ ਨਹੀਂ ਕਰ ਸਕਦੇ।

» ਜੇ ਤੁਸੀਂ ਇਹ ਦਰਸਾਉਣ ਲਈ ਲੋੜੀਂਦੀ ਜਾਣਕਾਰੀ ਪ੍ਰਦਾਨ ਕਰ ਸਕਦੇ ਹੋਵੋ ਕਿ ਤੁਹਾਡੇ ਕੋਲ ਟੱਕਰ ਹੋਣ ਤੋਂ ਬਾਅਦ ਦੇ ਪਹਿਲੇ 180 ਦਿਨਾਂ ਦੌਰਾਨ ਨੌਕਰੀ ਹੋ ਸਕਦੀ ਸੀ, ਤਾਂ ਤੁਸੀਂ ਉਸ ਸਮੇਂ ਦੀ ਮਿਆਦ ਦੇ ਆਧਾਰ 'ਤੇ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਲਈ ਯੋਗ ਹੋਵੋਗੇ ਜਿਸ ਸਮੇਂ ਤੁਸੀਂ ਕੰਮ ਕਰਦੇ ਹੋਣਾ ਸੀ।

**ਤੁਸੀਂ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਲਈ ਯੋਗ ਨਹੀਂ ਹੋ ਜੇ:**

» ਟੱਕਰ ਸਮੇਂ ਤੁਸੀਂ ਜਾਣ ਬੁੱਝ ਕੇ ਕੰਮ ਨਹੀਂ ਕਰ ਰਹੇ ਸੀ।

» ਆਪਣੀ ਉਮਰ ਨੂੰ ਛੱਡ ਕੇ ਕਿਸੇ ਵੀ ਹੋਰ ਕਾਰਨ ਕਰਕੇ ਟੱਕਰ ਹੋਣ ਤੋਂ ਪਹਿਲਾਂ ਤੁਸੀਂ ਬਾਕਾਇਦਾ ਤੌਰ 'ਤੇ ਨੌਕਰੀ 'ਤੇ ਟਿਕੇ ਰਹਿਣ ਦੇ ਅਯੋਗ ਸੀ।

ਕਾਨੂੰਨ ਫੁੱਲ-ਟਾਈਮ, ਪਾਰਟ-ਟਾਈਮ ਅਤੇ ਆਰਜ਼ੀ ਤੌਰ 'ਤੇ ਕਮਾਈ ਕਰਨ ਵਾਲਿਆਂ, ਕਮਾਈ ਨਾ ਕਰਨ ਵਾਲਿਆਂ, ਵਿਦਿਆਰਥੀਆਂ ਅਤੇ ਨਾਬਾਲਗਾਂ ਵਿਚਕਾਰ ਫਰਕ ਕਰਦਾ ਹੈ। ਜੇ ਤੁਸੀਂ ਪਾਰਟ-ਟਾਈਮ ਕਮਾਉਣ ਵਾਲੇ, ਆਰਜ਼ੀ ਕਮਾਈ ਕਰਨ ਵਾਲੇ ਜਾਂ ਕਮਾਈ ਨਾ ਕਰਨ ਵਾਲੇ ਹੋ, ਤਾਂ ਅਸੀਂ ਤੁਹਾਡੇ ਰੁਜ਼ਗਾਰ ਦੇ ਦਰਜੇ ਦਾ ਦੁਬਾਰਾ ਮੁਲਾਂਕਣ ਕਰਾਂਗੇ, ਜੇ ਤੁਸੀਂ ਟੱਕਰ ਦੇ 180 ਦਿਨਾਂ ਬਾਅਦ ਵੀ ਕੰਮ ਕਰਨ ਦੇ ਯੋਗ ਨਹੀਂ ਹੋ।

# ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਲਈ ਤੁਹਾਡੀ ਯੋਗਤਾ ਨੂੰ ਸਮਝਣਾ

**ਨਾਬਾਲਗ:**

» ਜੋ ਟੱਕਰ ਸਮੇਂ 19 ਸਾਲ ਤੋਂ ਘੱਟ ਉਮਰ ਦਾ ਹੈ

**ਵਿਦਿਆਰਥੀ:**

» ਇਕ ਨਾਬਾਲਗ ਜਿਸ ਨੇ ਸੈਕੰਡਰੀ ਸਕੂਲ ਤੋਂ ਗ੍ਰੈਜੂਏਸ਼ਨ ਦੀਆਂ ਸ਼ਰਤਾਂ ਪੂਰੀਆਂ ਕਰ ਲਈਆਂ ਸਨ ਅਤੇ ਟੱਕਰ ਸਮੇਂ ਕਿਸੇ ਪੋਸਟ-ਸੈਕੰਡਰੀ ਵਿਦਿਅਕ ਸੰਸਥਾ ਵਿੱਚ ਫੁੱਲ-ਟਾਈਮ ਪੜ੍ਹਾਈ ਕਰ ਰਿਹਾ ਸੀ।

» 19 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਕੋਈ ਵਿਅਕਤੀ ਜੋ ਟੱਕਰ ਹੋਣ ਵੇਲੇ ਫੁੱਲ ਟਾਈਮ ਸਕੂਲ ਜਾਂਦਾ ਸੀ (ਨਾਬਾਲਗਾਂ ਅਤੇ ਵਿਦਿਆਰਥੀਆਂ 'ਤੇ ਵਿਸ਼ੇਸ਼ ਨਿਯਮ ਲਾਗੂ ਹੁੰਦੇ ਹਨ। ਵੇਰਵਿਆਂ ਲਈ ਇਸ ਸੈਕਸ਼ਨ ਦਾ ਪਹਿਲਾ ਭਾਗ ਦੇਖੋ)

**ਕਮਾਈ ਨਾ ਕਰਨ ਵਾਲਾ:**

» ਕੋਈ ਅਜਿਹਾ ਵਿਅਕਤੀ ਜੋ ਟੱਕਰ ਹੋਣ ਵੇਲੇ ਬੇਰੁਜ਼ਗਾਰ ਸੀ ਪਰ ਕੰਮ ਕਰਨ ਦੇ ਯੋਗ ਸੀ। ਪਰ, ਜੇ ਤੁਸੀਂ ਹਾਦਸੇ ਤੋਂ ਪਹਿਲਾਂ 2 ਸਾਲਾਂ ਲਈ ਕੰਮ ਨਹੀਂ ਕਰ ਰਹੇ ਸੀ ਅਤੇ ਭਵਿੱਖ ਵਿਚ ਕੰਮ ਨਹੀਂ ਕਰਨਾ ਸੀ, ਤਾਂ ਤੁਸੀਂ ਕਮਾਈ ਨਾ ਕਰਨ ਵਾਲੇ ਵਜੋਂ ਯੋਗ ਨਹੀਂ ਹੋ।

**ਪਾਰਟ-ਟਾਈਮ ਕਮਾਉਣ ਵਾਲਾ:**

» ਕੋਈ ਅਜਿਹਾ ਵਿਅਕਤੀ ਜਿਸ ਦੀ ਟੱਕਰ ਹੋਣ ਵੇਲੇ ਹਫ਼ਤੇ ਵਿੱਚ 28 ਘੰਟਿਆਂ ਤੋਂ ਘੱਟ ਦੀ ਬਾਕਾਇਦਾ, ਪਾਰਟ-ਟਾਈਮ ਨੌਕਰੀ ਸੀ।

**ਫੁੱਲ ਟਾਈਮ ਕਮਾਉਣ ਵਾਲਾ:**

» ਬਾਕਾਇਦਾ ਰੁਜ਼ਗਾਰ ਲਈ: ਉਹ ਵਿਅਕਤੀ ਜਿਸ ਨੇ ਇੱਕੋ ਮਾਲਕ ਨਾਲ ਘੱਟੋ ਘੱਟ ਦੋ ਸਾਲਾਂ ਲਈ ਕੰਮ ਕੀਤਾ ਸੀ, ਹਰ ਹਫ਼ਤੇ ਘੱਟੋ ਘੱਟ 28 ਘੰਟੇ ਕੰਮ ਕਰਦਾ ਸੀ।

**ਮੌਸਮੀ ਰੁਜ਼ਗਾਰ ਲਈ:**

» ਕੋਈ ਉਹ ਵਿਅਕਤੀ ਜਿਸ ਨੇ ਇੱਕੋ ਮਾਲਕ ਨਾਲ ਘੱਟੋ ਘੱਟ ਦੋ ਸਾਲਾਂ ਲਈ ਕੰਮ ਕੀਤਾ ਸੀ।

» ਕੋਈ ਵਿਅਕਤੀ ਜਿਸ ਦੀ ਲਗਾਤਾਰ ਜਾਂ ਰੁਕ-ਰੁਕ ਕੇ ਕੰਮ ਦੀ ਮਿਆਦ ਅੱਠ ਮਹੀਨਿਆਂ ਤੋਂ ਘੱਟ ਸਮੇਂ ਲਈ ਨਹੀਂ ਹੁੰਦੀ ਹੈ ਜਾਂ ਜਿਸ ਦੀ ਨੌਕਰੀ ਵਿੱਚ ਚਾਰ ਮਹੀਨਿਆਂ ਤੋਂ ਵੱਧ ਸਮੇਂ ਲਈ ਰੁਕਾਵਟ ਨਹੀਂ ਪੈਂਦੀ।

**ਆਰਜ਼ੀ ਕਮਾਈ ਕਰਨ ਵਾਲਾ:**

» ਕੋਈ ਉਹ ਵਿਅਕਤੀ ਜੋ ਕਮਾਈ ਕਰਦਾ ਹੈ, ਪਰ ਜੋ ਫੁੱਲ ਟਾਈਮ ਜਾਂ ਪਾਰਟ-ਟਾਈਮ ਕਮਾਉਣ ਵਾਲਾ ਨਹੀਂ ਹੈ।

**65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ:**

» 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਯੋਗਤਾ ਕਈ ਕਾਰਕਾਂ 'ਤੇ ਆਧਾਰਿਤ ਹੈ। ਤੁਸੀਂ ਇਸ ਬਾਰੇ ਵਧੇਰੇ ਜਾਣਕਾਰੀ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਕਵਰੇਜ ਦੇ ਤਹਿਤ ਪ੍ਰਾਪਤ ਕਰ ਸਕਦੇ ਹੋ।, p. 19.

ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਤੋਂ ਇਲਾਵਾ ਜੇ ਕੋਈ ਵਿਅਕਤੀ ਬਿਨਾਂ ਕਿਸੇ ਤਨਖਾਹ ਦੇ ਪਰਿਵਾਰਕ ਕਾਰੋਬਾਰ ਵਿਚ ਕੰਮ ਕਰ ਰਿਹਾ ਸੀ, ਪਰ ਹੁਣ ਟੱਕਰ ਵਿਚ ਜ਼ਖਮੀ ਹੋਣ ਵਾਲੀਆਂ ਸੱਟਾਂ ਦੇ ਨਤੀਜੇ ਵਜੋਂ ਕੰਮ ਨਹੀਂ ਕਰ ਸਕਦਾ, ਤਾਂ ਅਸੀਂ ਉਸ ਦੀ ਥਾਂ ਕਿਸੇ ਨੂੰ ਰੱਖਣ ਦੇ ਖਰਚਿਆਂ ਦੀ ਭਰਪਾਈ ਕਰਾਂਗੇ।

## ਪਾਰਟ-ਟਾਈਮ, ਆਰਜ਼ੀ ਕੰਮ ਕਰਨ ਵਾਲਿਆਂ ਜਾਂ ਕਮਾਈ ਨਾ ਕਰਨ ਵਾਲਿਆਂ ਲਈ ਟੱਕਰ ਹੋਣ ਤੋਂ 181 ਦਿਨਾਂ ਬਾਅਦ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ

ਜੇ ਟੱਕਰ ਹੋਣ ਵੇਲੇ ਤੁਸੀਂ ਪਾਰਟ-ਟਾਈਮ ਜਾਂ ਆਰਜ਼ੀ ਕਾਮੇ ਸੀ ਜਾਂ ਬੇਰੁਜ਼ਗਾਰ ਸੀ ਅਤੇ 180 ਦਿਨਾਂ ਬਾਅਦ ਵੀ ਕੰਮ 'ਤੇ ਵਾਪਸ ਨਹੀਂ ਆ ਸਕਦੇ, ਅਸੀਂ ਉਸ ਕੰਮ ਦੀ ਕਿਸਮ ਨੂੰ ਸਥਾਪਿਤ ਕਰਾਂਗੇ ਜੋ ਤੁਸੀਂ ਟੱਕਰ ਦੇ ਸਮੇਂ ਵਾਜਬ ਤੌਰ 'ਤੇ ਕਰ ਰਹੇ ਹੋ ਸਕਦੇ ਸੀ। ਇਸ ਪ੍ਰਕਿਰਿਆ ਨੂੰ ਤੁਹਾਡੇ ਰੁਜ਼ਗਾਰ ਬਾਰੇ ਫੈਸਲਾ ਕਰਨਾ ਕਿਹਾ ਜਾਂਦਾ ਹੈ ਅਤੇ ਇਹ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ ਲਾਭਾਂ) ਅਤੇ ਤੁਹਾਡੀ ਨੌਕਰੀ ਦੀ ਖੋਜ ਲਈ ਆਧਾਰ ਬਣ ਜਾਂਦੀ ਹੈ।

### ਕਿਰਪਾ ਕਰਕੇ ਨੋਟ ਕਰੋ:

- ਇਹ ਫੁੱਲ ਟਾਈਮ ਕਮਾਈ ਕਰਨ ਵਾਲਿਆਂ, ਵਿਦਿਆਰਥੀਆਂ ਜਾਂ ਨਾਬਾਲਗਾਂ 'ਤੇ ਲਾਗੂ ਨਹੀਂ ਹੁੰਦਾ।

ਜੇ ਤੁਸੀਂ ਕੇਅਰਗਿਵਰ (ਦੇਖਭਾਲ ਕਰਨ ਵਾਲੇ ਲਈ) ਹਫਤਾਵਾਰੀ ਲਾਭ ਲਈ ਵੀ ਯੋਗ ਹੋ, ਤਾਂ ਤੁਹਾਨੂੰ ਇਹ ਚੁਣਨਾ ਹੋਵੇਗਾ ਕਿ ਤੁਸੀਂ ਕਿਹੜਾ ਲਾਭ ਪ੍ਰਾਪਤ ਕਰਨਾ ਜਾਰੀ ਰੱਖਣਾ ਚਾਹੁੰਦੇ ਹੋ:

- ਕੇਅਰਗਿਵਰ (ਦੇਖਭਾਲ ਕਰਨ ਵਾਲੇ ਲਈ) ਲਾਭ ਜਾਂ
- ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ

ਤੁਸੀਂ ਇਸ ਬਾਰੇ ਵਧੇਰੇ ਜਾਣਕਾਰੀ ਕੇਅਰਗਿਵਰ (ਦੇਖਭਾਲ ਕਰਨ ਵਾਲੇ ਲਈ) ਹਫਤਾਵਾਰੀ ਲਾਭਾਂ p. 27. ਦੇ ਅਧੀਨ ਪ੍ਰਾਪਤ ਕਰ ਸਕਦੇ ਹੋ।

ਟੱਕਰ ਹੋਣ ਦੇ ਸਮੇਂ ਤੁਸੀਂ ਜਿਸ ਤਰ੍ਹਾਂ ਦਾ ਕੰਮ ਕਰ ਰਹੇ ਸੀ ਜਾਂ ਕਰਦੇ ਹੋ ਸਕਦੇ ਸੀ, ਉਸ ਬਾਰੇ ਸਮਝਣ ਨਾਲ ਸਾਨੂੰ ਤੁਹਾਡੇ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਦਾ ਹਿਸਾਬ ਲਗਾਉਣ ਵਿੱਚ ਮਦਦ ਮਿਲੇਗੀ ਅਤੇ ਤੁਹਾਡੇ ਕੈਰੀਅਰ ਨੂੰ ਮੁੜ ਲੀਹ 'ਤੇ ਲਿਆਉਣ ਵਿੱਚ ਮਦਦ ਮਿਲੇਗੀ।

**ਅਜਿਹਾ ਕਰਨ ਲਈ ਅਸੀਂ ਵੇਖਾਂਗੇ:**

» ਵਿਦਿਆ

» ਟਰੇਨਿੰਗ

» ਕੰਮ ਦਾ ਤਜਰਬਾ

» ਸਰੀਰਕ ਯੋਗਤਾਵਾਂ

» ਬੌਧਿਕ ਯੋਗਤਾਵਾਂ

**ਇਹ ਪ੍ਰਕ੍ਰਿਆ ਬਹੁਤ ਮਹੱਤਵਪੂਰਨ ਹੈ ਕਿਉਂਕਿ:**

» ਇਹ ਉਸ ਕਿਸਮ ਦੇ ਕੰਮ ਨੂੰ ਨਿਰਧਾਰਤ ਕਰਦੀ ਹੈ, ਜਿਸ ਨੂੰ ਤੁਸੀਂ ਕਰਨ ਦੇ ਯੋਗ ਮੰਨੇ ਜਾਂਦੇ ਹੋ ਜਦੋਂ ਤੁਹਾਡੀਆਂ ਸੱਟਾਂ ਵਿੱਚ ਸੁਧਾਰ ਹੋ ਜਾਵੇ, ਉਸ ਥਾਂ 'ਤੇ ਆਮ ਤੌਰ 'ਤੇ ਮਿਲਣ ਵਾਲੇ ਰੁਜ਼ਗਾਰ ਦੇ ਆਧਾਰ 'ਤੇ ਜਿੱਥੇ ਤੁਸੀਂ ਰਹਿੰਦੇ ਹੋ।

» ਜੇ ਅਸੀਂ ਜ਼ਿਆਦਾ ਤਨਖਾਹ ਵਾਲਾ ਰੁਜ਼ਗਾਰ ਨਿਰਧਾਰਤ ਕਰਦੇ ਹਾਂ, ਤਾਂ ਤੁਹਾਡਾ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਵਧੇਗਾ।

» ਜੇ ਅਸੀਂ ਉਹ ਰੁਜ਼ਗਾਰ ਨਿਰਧਾਰਤ ਕਰਦੇ ਹਾਂ ਜੋ ਤੁਸੀਂ ਟੱਕਰ ਹੋਣ ਤੋਂ ਪਹਿਲਾਂ ਕਰਦੇ ਸੀ, ਤਾਂ ਤੁਹਾਡਾ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਉਹੀ ਰਹੇਗਾ ਜਾਂ ਵਧੇਗਾ।

» ਜੇ ਤੁਸੀਂ ਉਸ ਰੁਜ਼ਗਾਰ ਨੂੰ ਕਰਨ ਦੇ ਯੋਗ ਹੋ, ਜੋ ਅਸੀਂ ਤੁਹਾਡੇ ਲਈ ਨਿਰਧਾਰਤ ਕਰਦੇ ਹਾਂ, ਤਾਂ ਤੁਹਾਡੇ ਲਾਭ ਦਾ ਹੱਕ ਖਤਮ ਹੋ ਜਾਵੇਗਾ।

## ਟੱਕਰ ਤੋਂ ਦੋ ਸਾਲ ਬਾਅਦ ਕਮਾਈ ਦੀ ਬਚੀ ਸਮਰੱਥਾ

ਕਈ ਵਾਰ ਟੱਕਰ ਹੋਣ ਕਾਰਨ ਅਜਿਹੀਆਂ ਸੱਟਾਂ ਲੱਗਦੀਆਂ ਹਨ ਜੋ ਤੁਹਾਨੂੰ ਬਿਲਕੁਲ ਉਸੇ ਤਰ੍ਹਾਂ ਦੇ ਫੁੱਲ ਟਾਈਮ ਕੰਮ 'ਤੇ ਵਾਪਸ ਜਾਣ ਤੋਂ ਰੋਕਦੀਆਂ ਹਨ, ਜੋ ਤੁਸੀਂ ਟੱਕਰ ਹੋਣ ਤੋਂ ਪਹਿਲਾਂ ਕਰਦੇ ਸੀ।

ਬਹੁਤ ਸਾਰੇ ਲੋਕ ਅਜੇ ਵੀ ਕੰਮ ਕਰਨ ਦੇ ਯੋਗ ਹੁੰਦੇ ਹਨ, ਪਰ

ਇੱਕ ਵੱਖਰੀ ਕਿਸਮ ਦੀ ਨੌਕਰੀ ਵਿੱਚ। ਇੰਸ਼ੋਰੈਂਸ ਉਦਯੋਗ ਇਸ ਨੂੰ "ਕਮਾਈ ਦੀ ਬਚੀ ਸਮਰੱਥਾ (ਰਿਜ਼ੀਜ਼ੁਅਲ ਅਰਨਿੰਗ ਕੈਪਿਸਟੀ)" ਵਜੋਂ ਦਰਸਾਉਂਦਾ ਹੈ। ਇਸ ਦਾ ਮਤਲਬ ਹੈ ਕਿ ਤੁਸੀਂ ਅਜੇ ਵੀ ਆਮਦਨੀ ਕਮਾ ਸਕਦੇ ਹੋ, ਹਾਲਾਂਕਿ ਇਹ ਜ਼ਰੂਰੀ ਨਹੀਂ ਕਿ ਇਹ ਉਹੋ ਜਿਹੀ ਨੌਕਰੀ ਵਿੱਚ ਹੋਵੇ ਜਾਂ ਤਨਖਾਹ ਦੇ ਉਸ ਪੱਧਰ 'ਤੇ ਹੋਵੇ, ਜੋ ਟੱਕਰ ਤੋਂ ਪਹਿਲਾਂ ਸੀ।

ਟੱਕਰ ਹੋਣ ਤੋਂ ਦੋ ਸਾਲ ਬਾਅਦ ਜੇ ਤੁਸੀਂ ਫੁੱਲ ਟਾਈਮ, ਪਾਰਟ ਟਾਈਮ, ਆਰਜ਼ੀ ਜਾਂ ਕਮਾਈ ਨਾ ਕਰਨ ਵਾਲੇ ਹੋ, ਤਾਂ ਅਸੀਂ ਤੁਹਾਡਾ ਰੁਜ਼ਗਾਰ ਨਿਰਧਾਰਤ ਕਰਨ ਵਿੱਚ ਤੁਹਾਡੀ ਸਹਾਇਤਾ ਕਰਾਂਗੇ ਜੇ:

» ਤੁਸੀਂ ਕੰਮ ਕਰਨ ਦੇ ਯੋਗ ਹੋ।

» ਤੁਸੀਂ ਉਨਾ ਠੀਕ ਹੋ ਗਏ ਹੋ, ਜਿੰਨਾ ਤੁਸੀਂ ਟੱਕਰ ਵਿੱਚ ਲੱਗੀਆਂ ਸੱਟਾਂ ਤੋਂ ਬਾਅਦ ਠੀਕ ਹੋ ਸਕਦੇ ਸੀ।

» ਤੁਸੀਂ ਰੁਜ਼ਗਾਰ ਮੁੜ ਵਸੇਬੇ ਦੀਆਂ ਢੁਕਵੀਂਆਂ ਚੋਣਾਂ ਦੀ ਜਾਂਚ-ਪੜਤਾਲ ਕੀਤੀ ਹੈ ਅਤੇ ਟੱਕਰ ਹੋਣ ਵੇਲੇ ਤੁਸੀਂ ਜਿਸ ਤਰ੍ਹਾਂ ਦਾ ਕੰਮ ਕਰ ਰਹੇ ਸੀ ਜਾਂ ਟੱਕਰ ਦੇ ੧੮੧ ਦਿਨਾਂ ਬਾਅਦ ਅਸੀਂ ਤੁਹਾਡੇ ਲਈ ਜਿਸ ਤਰ੍ਹਾਂ ਦਾ ਰੁਜ਼ਗਾਰ ਨਿਰਧਾਰਤ ਕੀਤਾ ਹੈ, ਤੁਸੀਂ ਉਸ 'ਤੇ ਵਾਪਸ ਨਹੀਂ ਜਾ ਸਕਦੇ।

**ਕਿਰਪਾ ਕਰਕੇ ਨੋਟ ਕਰੋ:**

ਟੱਕਰ ਹੋਣ ਤੋਂ ਬਾਅਦ 181 ਦਿਨਾਂ ਬਾਅਦ ਰੁਜ਼ਗਾਰ ਨਿਰਧਾਰਤ ਕਰਨਾ ਫੁੱਲ ਟਾਈਮ ਕਮਾਈ ਕਰਨ ਵਾਲਿਆਂ, ਵਿਦਿਆਰਥੀਆਂ ਜਾਂ ਨਾਬਾਲਗਾਂ 'ਤੇ ਲਾਗੂ ਨਹੀਂ ਹੁੰਦਾ।

**ਤੁਸੀਂ ਟੱਕਰ ਤੋਂ ਦੋ ਸਾਲ ਜਾਂ ਇਸ ਤੋਂ ਵੱਧ ਸਮੇਂ ਬਾਅਦ ਕਿਸ ਤਰ੍ਹਾਂ ਦਾ ਰੁਜ਼ਗਾਰ ਕਰਨ ਦੇ ਯੋਗ ਹੋ, ਇਸ ਦਾ ਫੈਸਲਾ ਕਰਨ ਵਿੱਚ ਮਦਦ ਲਈ ਅਸੀਂ ਹੇਠਾਂ ਦਿੱਤੇ ਮਾਪਦੰਡਾਂ 'ਤੇ ਨਜ਼ਰ ਮਾਰਾਂਗੇ:**

» ਵਿਦਿਆ

» ਟਰੇਨਿੰਗ

» ਕੰਮ ਦਾ ਤਜਰਬਾ

» ਮੌਜੂਦਾ ਸਰੀਰਕ ਯੋਗਤਾਵਾਂ (ਟੱਕਰ ਅਤੇ ਰਿਕਵਰੀ ਤੋਂ ਬਾਦ)

» ਮੌਜੂਦਾ ਬੌਧਿਕ ਯੋਗਤਾਵਾਂ (ਟੱਕਰ ਅਤੇ ਰਿਕਵਰੀ ਤੋਂ ਬਾਦ)

» ਮੁੜ ਵਸੇਬੇ ਦੇ ਪ੍ਰੋਗਰਾਮ ਦੌਰਾਨ ਪ੍ਰਾਪਤ ਕੀਤਾ ਗਿਆਨ ਜਾਂ ਹੁਨਰ ( ਜੇ ਯੋਗ ਹੈ)

ਤੁਹਾਨੂੰ ਫੁੱਲ ਟਾਈਮ ਕੰਮ ਵੱਲ ਧਿਆਨ ਦੇਣ ਦੀ ਸਿਫਾਰਿਸ਼ ਕੀਤੀ ਜਾਵੇਗੀ, ਜੇ ਕਰ ਟੱਕਰ ਵਿੱਚ ਸੱਟਾਂ ਲੱਗਣ ਕਾਰਨ ਤੁਸੀਂ ਸਿਰਫ ਪਾਰਟ ਟਾਈਮ ਕਰਨ ਦੇ ਯੋਗ ਹੀ ਨਾ ਰਹਿ ਗਏ ਹੋਵੋ। ਜੇ ਜ਼ਰੂਰੀ ਹੋਏ ਤਾਂ ਤੁਹਾਡਾ ਸਹਾਇਤਾ ਅਤੇ ਰਿਕਵਰੀ ਮਾਹਰ ਅੱਗੇ ਸਲਾਹ ਦੇ ਸਕਦਾ ਹੈ। ਇਹ ਆਮ ਤੌਰ 'ਤੇ ਉਸ ਥਾਂ 'ਤੇ ਉਪਲਬਧ ਰੁਜ਼ਗਾਰ 'ਤੇ ਆਧਾਰਿਤ ਵੀ ਹੋਵੇਗਾ, ਜਿੱਥੇ ਤੁਸੀਂ ਰਹਿੰਦੇ ਹੋ।

ਅਸੀਂ ਰੁਜ਼ਗਾਰ ਦੀ ਅਜਿਹੀ ਕਿਸਮ ਦੀ ਪਛਾਣ ਕਰਦੇ ਹਾਂ ਜੋ ਤੁਹਾਡੇ ਹੁਨਰਾਂ, ਸਿਖਲਾਈ ਅਤੇ ਟੱਕਰ ਤੋਂ ਬਾਅਦ ਦੀ ਕਾਬਲੀਅਤ ਅਤੇ ਸਮਰੱਥਾ ਅਨੁਸਾਰ ਸਭ ਤੋਂ ਵਧੀਆ ਹੈ। ਅਸੀਂ ਇੱਕ ਕਿੱਤਾਮੁਖੀ ਮੁੜ ਵਸੇਬੇ ਨਾਲ ਸੰਬੰਧਿਤ ਸਲਾਹਕਾਰ ਨੂੰ ਸ਼ਾਮਲ ਕਰਾਂਗੇ ਅਤੇ ਨਾਲ ਹੀ ਸੰਬੰਧਿਤ ਡਾਕਟਰੀ ਜਾਣਕਾਰੀ 'ਤੇ ਵੀ ਵਿਚਾਰ ਕਰਾਂਗੇ। ਜਦੋਂ ਮੁਲਾਂਕਣ ਪੂਰਾ ਹੋ ਜਾਂਦਾ ਹੈ, ਤਾਂ ਤੁਹਾਡੇ ਰੁਜ਼ਗਾਰ ਦੀਆਂ ਚੋਣਾਂ ਦੀ ਜਾਂਚ-ਪੜਤਾਲ ਕਰਨ ਦਾ ਸਮਾਂ ਸ਼ੁਰੂ ਹੁੰਦਾ ਹੈ। ਅਸੀਂ ਇਸ ਨੂੰ ਤੁਹਾਡਾ ਜੌਬ ਸਰਚ ਈਅਰ (ਕੰਮ ਲੱਭਣ ਦਾ ਸਾਲ) ਕਹਿੰਦੇ ਹਾਂ।

## ਨੌਕਰੀ ਦੀ ਭਾਲ ਕਵਰੇਜ (ਜੌਬ ਸਰਚ ਕਵਰੇਜ)

ਜਦੋਂ ਤੁਸੀਂ ਕੰਮ ਦੀ ਤਲਾਸ਼ ਕਰ ਰਹੇ ਹੋ, ਇਨਕਮ ਰਿਲਪੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਉਦੋਂ ਤੱਕ ਜਾਰੀ ਰਹੇਗਾ ਜਿੰਨਾ ਚਿਰ ਤੱਕ ਤੁਸੀਂ ਇਸ ਲਈ ਯੋਗ ਹੋਵੋਗੇ। ਜੇ ਜਾਂ ਜਦੋਂ ਤੁਸੀਂ ਸਾਲ ਦੇ ਦੌਰਾਨ ਨੌਕਰੀ 'ਤੇ ਲੱਗ ਜਾਂਦੇ ਹੋ, ਤਾਂ ਅਸੀਂ ਤੁਹਾਡੇ ਨਵੇਂ ਰੁਜ਼ਗਾਰ ਤੋਂ ਹੋਣ ਵਾਲੀ ਤੁਹਾਡੀ ਨਿਰੋਲ ਕਮਾਈ ਦੇ 75 ਪ੍ਰਤੀਸ਼ਤ ਨੂੰ ਤੁਹਾਡੇ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਵਿੱਚੋਂ ਘਟਾ ਦੇਵਾਂਗੇ। ਇਸ ਦਾ ਅਰਥ ਇਹ ਹੋਣਾ ਚਾਹੀਦਾ ਹੈ ਕਿ ਕੰਮ 'ਤੇ ਵਾਪਸ ਆ ਕੇ ਤੁਹਾਨੂੰ ਸਮੁੱਚੇ ਤੌਰ ਤੇ ਵਧੇਰੇ ਆਮਦਨੀ ਪ੍ਰਾਪਤ ਹੋਏਗੀ।

**ਨੌਕਰੀ ਦੀ ਭਾਲ ਤੋਂ ਇੱਕ ਸਾਲ ਬਾਅਦ, ਇੱਥੇ ਤਿੰਨ ਸੰਭਾਵਨਾਵਾਂ ਹਨ:**

1. ਜੇ ਤੁਹਾਡੇ ਕੋਲ ਅਜਿਹਾ ਕੰਮ ਹੈ ਜਿਸ ਤੋਂ ਤੁਹਾਨੂੰ ਮਿਲ ਰਹੇ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਜਿੰਨੀ ਜਾਂ ਜ਼ਿਆਦਾ ਤਨਖਾਹ ਮਿਲਦੀ ਹੈ, ਤਾਂ ਤੁਹਾਡਾ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਖ਼ਤਮ ਹੋ ਜਾਵੇਗਾ।

2. ਜੇ ਤੁਸੀਂ ਕੰਮ 'ਤੇ ਵਾਪਸ ਜਾਂਦੇ ਹੋ ਅਤੇ ਟੱਕਰ ਹੋਣ ਤੋਂ ਪਹਿਲਾਂ ਜੋ ਤੁਸੀਂ ਕਮਾ ਰਹੇ ਸੀ, ਦੇ ਬਰਾਬਰ ਆਮਦਨੀ ਕਮਾਉਣ ਵਿੱਚ ਅਸਮਰੱਥ ਹੋ, ਤਾਂ ਤੁਹਾਡੇ ਸਹਾਇਤਾ ਅਤੇ ਰਿਕਵਰੀ ਮਾਹਰ ਨੂੰ ਲਾਭ ਵਿਸ਼ਲੇਸ਼ਕ ਟੀਮ ਨਾਲ ਤੁਹਾਡੇ ਆਮਦਨੀ ਦਸਤਾਵੇਜ਼ ਸਾਂਝੇ ਕਰਨ ਦੀ ਜ਼ਰੂਰਤ ਹੋਏਗੀ।

ਨਵੀਂ ਆਮਦਨ ਨੂੰ ਧਿਆਨ ਵਿੱਚ ਰੱਖਣ ਲਈ ਉਹ ਤੁਹਾਡੀ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਦੀ ਯੋਗਤਾ ਦਾ ਦੁਬਾਰਾ ਹਿਸਾਬ ਲਾਉਣਗੇ, ਅਤੇ ਤੁਹਾਡਾ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲਾ) ਲਾਭ ਅੱਗੇ ਦਿੱਤੀਆਂ ਰਕਮਾਂ ਵਿੱਚੋਂ ਘੱਟ ਰਕਮਾਂ ਦੇ ਬਰਾਬਰ ਹੋਵੇਗਾ:

» ਤੁਹਾਡੇ ਪਿਛਲੇ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਦੀ ਰਕਮ ਵਿੱਚੋਂ ਤੁਹਾਡੇ ਨਿਰਧਾਰਤ ਰੁਜ਼ਗਾਰ ਦੀ ਨਿਰੋਲ ਆਮਦਨ ਦਾ ਘਟਾਓ ਜਾਂ

» ਤੁਹਾਡੇ ਪਿਛਲੇ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭ ਦੀ ਰਕਮ ਵਿੱਚੋਂ ਤੁਹਾਡੀ ਨਵੀਂ ਨੌਕਰੀ ਦੀ ਨਿਰੋਲ ਆਮਦਨ ਦਾ ਘਟਾਓ।

ਇਹ ਘਟਿਆ ਇਨਕਮ ਰਿਲਪੇਸਮੈਂਟ ਲਾਭ ਉਦੋਂ ਤੱਕ ਭੁਗਤਾਨ ਯੋਗ ਹੁੰਦਾ ਹੈ ਜਦੋਂ ਤੱਕ ਤੁਸੀਂ ਆਪਣੀ ਟੱਕਰ ਤੋਂ ਪਹਿਲਾਂ ਦੀ ਕਮਾਈ ਦੇ ਬਰਾਬਰ ਜਾਂ ਵੱਧ ਰਕਮ ਕਮਾਉਣ ਦੇ ਯੋਗ ਨਹੀਂ ਹੋ ਜਾਂਦੇ ਜਾਂ ਰਿਟਾਇਰਮੈਂਟ ਇਨਕਮ ਲਾਭ ਲਈ ਯੋਗ ਨਹੀਂ ਹੋ ਜਾਂਦੇ। ਜੇ ਇਹ ਸਥਿਤੀ ਹੈ, ਤਾਂ ਤੁਹਾਨੂੰ ਇਨਕਮ ਰਿਪਲੇਸਮੈਂਟ ਲਾਭ ਮਿਲ ਸਕਦਾ ਹੈ, ਜੋ ਤੁਹਾਡੀ ਆਮਦਨੀ ਨੂੰ ਵਧਾ ਦੇਵੇਗਾ।

3. ਜੇ ਤੁਸੀਂ ਅਜੇ ਵੀ ਕੰਮ ਦੀ ਭਾਲ ਕਰ ਰਹੇ ਹੋ ਅਤੇ ਤੁਸੀਂ ਸਾਡੇ ਦੁਆਰਾ ਨਿਰਧਾਰਤ ਰੁਜ਼ਗਾਰ ਲੈਣ ਦੇ ਯੋਗ ਹੋ, ਤਾਂ ਤੁਹਾਡੇ ਇਨਕਮ ਰਿਪਲੇਸਮੈਂਟ ਲਾਭ ਵਿੱਚੋਂ ਉਸ ਰੁਜ਼ਗਾਰ ਲਈ ਨਿਰਧਾਰਤ ਆਮਦਨੀ ਦੇ ਬਰਾਬਰ ਦੀ ਰਕਮ ਘਟਾ ਦਿੱਤੀ ਜਾਵੇਗੀ।

## ਇਨਕਮ ਰਿਪਲੇਸਮੈਂਟ ਲਾਭ ਕਦੋਂ ਖਤਮ ਹੁੰਦਾ ਹੈ?

ਇਨਕਮ ਰਿਪਲੇਸਮੈਂਟ ਲਾਭ ਉਸ ਜ਼ਿਆਦਾਤਰ ਆਮਦਨੀ ਦਾ ਬਦਲ ਹੈ, ਜੋ ਤੁਸੀਂ ਕਮਾ ਰਹੇ ਹੋਣਾ ਸੀ, ਜੇ ਟੱਕਰ ਵਿੱਚ ਲੱਗੀਆਂ ਸੱਟਾਂ ਕਾਰਨ ਤੁਸੀਂ ਕੰਮ ਕਰਨ ਤੋਂ ਅਸਮਰੱਥ ਨਾ ਹੋਏ ਹੁੰਦੇ।

ਗੰਭੀਰ ਸੱਟਾਂ ਨੂੰ ਛੱਡ ਕੇ, ਇਨਕਮ ਰਿਪਲੇਸਮੈਂਟ ਲਾਭ ਟੱਕਰ ਦੇ ਪ੍ਰਭਾਵਾਂ ਤੋਂ ਉਭਰਨ ਦੇ ਸਮੇਂ ਦੌਰਾਨ ਤੁਹਾਡੇ ਆਮਦਨੀ ਦੇ ਨੁਕਸਾਨ ਦੀ ਪੂਰਤੀ ਲਈ ਇਕ ਆਰਜ਼ੀ ਉਪਾਅ ਕਰਨਾ ਹੈ।

**ਤੁਸੀਂ ਅੱਗੇ ਦਿੱਤੇ ਸਮਿਆਂ ਸਮੇਤ, ਨਿਸ਼ਚਿਤ ਸਮਿਆਂ ’ਤੇ ਇਨਕਮ ਰਿਲਪੇਸਮੈਂਟ ਲਾਭ ਲਈ ਯੋਗ ਨਹੀਂ ਹੋਵੋਗੇ:**

» ਤੁਸੀਂ ਉਹ ਕੰਮ ਕਰਨ ਦੇ ਯੋਗ ਹੋ ਜਾਂਦੇ ਹੋ ਜੋ ਤੁਸੀਂ ਟੱਕਰ ਹੋਣ ਤੋਂ ਪਹਿਲਾਂ ਕਰ ਰਹੇ ਸੀ।

» ਤੁਸੀਂ ਉਸ ਤਰ੍ਹਾਂ ਦੇ ਰੁਜ਼ਗਾਰ ਵਿੱਚ ਕੰਮ ਕਰਨ ਦੇ ਯੋਗ ਬਣ ਜਾਂਦੇ ਹੋ, ਜੋ ਟੱਕਰ ਹੋਣ ਤੋਂ 181 ਦਿਨਾਂ ਬਾਅਦ ਤੁਹਾਡੇ ਲਈ ਨਿਰਧਾਰਤ ਕੀਤਾ ਗਿਆ ਸੀ।

» ਤੁਹਾਨੂੰ ਅਜਿਹੀ ਨੌਕਰੀ ਮਿਲਦੀ ਹੈ, ਜਿਸ ਵਿੱਚ ਤੁਹਾਨੂੰ ਉਸ ਰਕਮ ਜਿੰਨੀ ਜਾਂ ਉਸ ਤੋਂ ਜ਼ਿਆਦਾ ਤਨਖਾਹ ਮਿਲਦੀ ਹੈ, ਜਿਹੜੀ ਰਕਮ ਤੁਹਾਡੇ ਕਲੇਮ ਦੀ ਸ਼ੁਰੂਆਤ ਸਮੇਂ ਤੁਹਾਨੂੰ ਅਦਾ ਕੀਤੇ ਗਏ ਇਨਕਮ ਰਿਪਲੇਸਮੈਂਟ ਲਾਭ ਦਾ ਹਿਸਾਬ ਲਾਉਣ ਲਈ ਵਰਤੀ ਗਈ ਸੀ।

» ਤੁਸੀਂ ਰਿਟਾਇਰਮੈਂਟ ਇਨਕਮ ਲਾਭ ਲਈ ਯੋਗ ਬਣ ਜਾਂਦੇ ਹੋ।

**ਕਿਰਪਾ ਕਰਕੇ ਨੋਟ ਕਰੋ:**

- ਜੇ ਤੁਸੀਂ ਕੰਮ ’ਤੇ ਵਾਪਸ ਜਾਣ ਲਈ ਤਿਆਰ ਹੋ, ਪਰ ਸੱਟਾਂ ਦੇ ਨਤੀਜੇ ਵਜੋਂ ਤੁਹਾਡਾ ਰੁਜ਼ਗਾਰ ਖੁੱਸ ਗਿਆ ਹੈ, ਤਾਂ ਅਸੀਂ ਤੁਹਾਡੇ ਇਨਕਮ ਰਿਪਲੇਸਮੈਂਟ ਲਾਭ ਨੂੰ ਆਰਜ਼ੀ ਤੌਰ ’ਤੇ ਜਾਰੀ ਰੱਖ ਸਕਦੇ ਹਾਂ। ਤੁਹਾਡਾ ਸਹਾਇਤਾ ਅਤੇ ਰਿਕਵਰੀ ਮਾਹਰ ਜ਼ਰੂਰਤ ਪੈਣ ’ਤੇ ਵੇਰਵਿਆਂ ਬਾਰੇ ਦੱਸ ਸਕਦਾ ਹੈ।
- ਟੱਕਰ ਹੋਣ ’ਤੇ 65 ਸਾਲ ਤੋਂ ਵੱਧ ਉਮਰ ਦੇ ਰੁਜ਼ਗਾਰ ਵਾਲੇ ਲੋਕਾਂ ਲਈ ਅਤੇ ਉਹਨਾਂ ਲੋਕਾਂ ਲਈ ਜੋ 65 ਸਾਲ ਦੀ ਉਮਰ ਹੋਣ ’ਤੇ ਇਨਕਮ ਰਿਲਪੇਸਮੈਂਟ ਲਾਭ ਲੈ ਰਹੇ ਹੋਣ, ਲਈ ਵਿਸ਼ੇਸ਼ ਨਿਯਮ ਲਾਗੂ ਹੁੰਦੇ ਹਨ।
- ਜੇ ਤੁਸੀਂ ਗੰਭੀਰ ਰੂਪ ਵਿੱਚ ਜ਼ਖਮੀ ਹੋ ਜਾਂਦੇ ਹੋ, ਤਾਂ ਇਨਕਮ ਰਿਪਲੇਸਮੈਂਟ ਲਾਭ ਲਈ ਤੁਹਾਡੀ ਯੋਗਤਾ ਵੱਖਰੀ ਹੁੰਦੀ ਹੈ।

## ਹੌਲੀ ਹੌਲੀ ਕੰਮ 'ਤੇ ਵਾਪਸ ਆਉਣਾ

ਕਿਉਂਕਿ ਤੁਹਾਡੇ ਲਈ ਇਕਦਮ ਫੁੱਲ ਟਾਈਮ ਕੰਮ 'ਤੇ ਵਾਪਸ ਆਉਣਾ ਸੰਭਵ ਨਹੀਂ ਹੋ ਸਕਦਾ, ਤੁਹਾਡਾ ਸਹਾਇਤਾ ਅਤੇ ਰਿਕਵਰੀ ਮਾਹਰ ਤੁਹਾਡੇ ਸਿਹਤ ਦੇਖਭਾਲ ਪ੍ਰਦਾਨ ਕਰਨ ਵਾਲੇ ਅਤੇ ਕੰਮ-ਮਾਲਕ ਨਾਲ ਮਿਲ ਕੇ ਹੌਲੀ ਹੌਲੀ ਕੰਮ 'ਤੇ ਵਾਪਸ ਆਉਣ ਦੀਆਂ ਚੋਣਾਂ ਬਾਰੇ ਕੰਮ ਕਰੇਗਾ।

## ਟੱਕਰ ਹੋਣ ਕਾਰਨ ਦੁਬਾਰਾ ਵਾਪਰਨ ਵਾਲੀਆਂ ਸਥਿਤੀਆਂ

ਕਦੇ ਕਦਾਈਂ ਠੀਕ ਹੋ ਗਈ ਲੱਗਣ ਵਾਲੀ ਸੱਟ ਦੁਬਾਰਾ ਸ਼ੁਰੂ ਹੋ ਜਾਂਦੀ ਹੈ। ਅਜਿਹੀ ਹਾਲਤ ਵਿੱਚ ਇਨਕਮ ਰਿਪਲੇਸਮੈਂਟ ਲਾਭ ਦੁਬਾਰਾ ਸ਼ੁਰੂ ਹੋ ਸਕਦਾ ਹੈ।

ਜੇ ਸੱਟ ਦੁਬਾਰਾ ਹੋਣ 'ਤੇ ਤੁਸੀਂ ਕੰਮ 'ਤੇ ਵਾਪਸ ਪਰਤ ਆਏ ਹੋ, ਤਾਂ ਕਾਰਨ ਦੀ ਪਛਾਣ ਕਰਨਾ ਮਹੱਤਵਪੂਰਨ ਹੈ। ਇਹ ਦੱਸਣ ਲਈ ਕਿ ਕੀ ਹੋਇਆ ਹੈ, ਤੁਹਾਨੂੰ ਆਪਣੇ ਸਹਾਇਤਾ ਅਤੇ ਰਿਕਵਰੀ ਮਾਹਰ ਨਾਲ ਸੰਪਰਕ ਕਰਨ ਦੀ ਜ਼ਰੂਰਤ ਹੈ। ਜ਼ਿਆਦਾਤਰ ਮਾਮਲਿਆਂ ਵਿੱਚ ਇਨਕਮ ਰਿਪਲੇਸਮੈਂਟ ਲਾਭ ਉਸੇ ਪੱਧਰ 'ਤੇ ਤੁਰੰਤ ਮੁੜ ਸ਼ੁਰੂ ਹੋ ਜਾਵੇਗਾ, ਜੋ ਤੁਸੀਂ ਕੰਮ 'ਤੇ ਵਾਪਸੀ ਤੋਂ ਪਹਿਲਾਂ ਪ੍ਰਾਪਤ ਕਰ ਰਹੇ ਸੀ।

## ਇਨਕਮ ਰਿਲਪੇਸਮੈਂਟ ਲਾਭ ਦੇ ਕਲੇਮਾਂ ਲਈ ਲਾਭਦਾਇਕ ਸੁਝਾਅ

**ਆਪਣੇ ਇਨਕਮ ਰਿਪਲੇਸਮੈਂਟ ਲਾਭ ਦੇ ਕਲੇਮ ਵਿੱਚ ਸਾਡੀ ਮਦਦ ਕਰਨ ਲਈ ਤੁਸੀਂ ਇਹ ਕੁਝ ਚੀਜ਼ਾਂ ਕਰ ਸਕਦੇ ਹੋ:**

» ਤੁਸੀਂ ਸਾਨੂੰ ਉਹ ਸਾਰੀ ਜਾਣਕਾਰੀ ਪ੍ਰਦਾਨ ਕਰਨੀ ਯਕੀਨੀ ਬਣਾਉ, ਜੋ ਇਹ ਜਾਣਨ ਲਈ ਲੋੜੀਂਦੀ ਹੈ ਕਿ ਟੱਕਰ ਹੋਣ ਵੇਲੇ ਤੁਹਾਡੀ ਰੁਜ਼ਗਾਰ ਆਮਦਨੀ ਕੀ ਸੀ।

» ਜਿੰਨੀ ਜਲਦੀ ਹੋ ਸਕੇ ਜਾਣਕਾਰੀ ਲਈ ਸਾਡੀ ਬੇਨਤੀਆਂ ਦਾ ਜਵਾਬ ਦਿਓ। ਅਸੀਂ ਉਦੋਂ ਤੱਕ ਇਨਕਮ ਰਿਪਲੇਸਮੈਂਟ ਲਾਭ ਦੀਆਂ ਬਾਕਾਇਦਾ ਅਦਾਈਗਿਆਂ ਸ਼ੁਰੂ ਕਰਨ ਤੋਂ ਅਸਮਰੱਥ ਹਾਂ, ਜਦੋਂ ਤੱਕ ਸਾਡੇ ਕੋਲ ਸਾਰੇ ਲੋੜੀਂਦੇ ਦਸਤਾਵੇਜ਼ ਨਾ ਹੋਣ।

**ਜੇ ਤੁਸੀਂ ਇਨਕਮ ਰਿਲਪੇਸਮੈਂਟ ਲਾਭ ਪ੍ਰਾਪਤ ਕਰ ਰਹੇ ਹੋ, ਤਾਂ ਤੁਹਾਡੇ ਲਈ:**

» ਸਾਨੂੰ ਆਪਣੀ ਰੁਜ਼ਗਾਰ ਦੀ ਸਥਿਤੀ ਵਿੱਚ ਕਿਸੇ ਵੀ ਤਬਦੀਲੀ ਬਾਰੇ ਸੂਚਿਤ ਕਰਨਾ ਲਾਜ਼ਮੀ ਹੈ।

» ਤੁਹਾਨੂੰ ਪ੍ਰਾਪਤ ਹੋਣ ਵਾਲੇ ਹੋਰ ਆਮਦਨੀ ਲਾਭਾਂ ਦੀ ਮਾਤਰਾ ਵਿੱਚ ਕਿਸੇ ਤਬਦੀਲੀ ਬਾਰੇ ਸਾਨੂੰ ਸੂਚਿਤ ਕਰਨਾ ਲਾਜ਼ਮੀ ਹੈ।

» ਤੁਸੀਂ ਕੰਮ 'ਤੇ ਕਦੋਂ ਵਾਪਸ ਆ ਸਕਦੇ ਹੋ ਇਸ ਬਾਰੇ ਸਾਨੂੰ ਸੂਚਿਤ ਕਰਨਾ ਲਾਜ਼ਮੀ ਹੈ।

## ਰਿਟਾਇਰਮੈਂਟ ਇਨਕਮ ਲਾਭ

ਜੇ ਤੁਸੀਂ ਇਨਕਮ ਰਿਪਲੇਸਮੈਂਟ ਲਾਭ ਪ੍ਰਾਪਤ ਕਰ ਰਹੇ ਹੋ ਅਤੇ ਰਿਟਾਇਰਮੈਂਟ ਦੀ ਉਮਰ ਤਕ ਪਹੁੰਚ ਗਏ ਹੋ, ਤਾਂ ਇੱਕ ਰਿਟਾਇਰਮੈਂਟ ਇਨਕਮ ਲਾਭ ਉਪਲਬਧ ਹੋਵੇਗਾ। ਰਿਟਾਇਰਮੈਂਟ ਇਨਕਮ ਲਾਭ ਤੁਹਾਡੀ ਨਿਰੋਲ ਆਮਦਨੀ ਦੇ 70 ਪ੍ਰਤੀਸ਼ਤ ਵਿੱਚੋਂ ਤੁਹਾਨੂੰ ਮਿਲਣ ਵਾਲੀ ਕਿਸੇ ਵੀ ਹੋਰ ਪੈਨਸ਼ਨ, ਕੈਨੇਡਾ ਪੈਨਸ਼ਨ ਪਲੈਨ ਅਤੇ ਬੁਢਾਪਾ ਪੈਨਸ਼ਨ (ਓਲਡ ਏਜ ਸਿਕਿਉਰਟੀ ਪੇਅਮੈਂਟਸ) ਸਮੇਤ, ਦੀ ਰਕਮ ਨੂੰ ਘਟਾ ਕੇ ਬੱਚਦੀ ਰਕਮ ਦੇ ਬਰਾਬਰ ਹੁੰਦਾ ਹੈ।

ਜੇ ਤੁਹਾਡੀ ਪੈਨਸ਼ਨ ਦੀ ਆਮਦਨੀ ਸਾਡੇ ਹਿਸਾਬ ਵਿੱਚ ਵਰਤੀ ਗਈ ਨਿਰੋਲ ਆਮਦਨੀ ਦੇ 70 ਪ੍ਰਤੀਸ਼ਤ ਤੋਂ ਵੱਧ ਹੈ, ਤਾਂ ਤੁਹਾਨੂੰ ਰਿਟਾਇਰਮੈਂਟ ਇਨਕਮ ਲਾਭ ਪ੍ਰਾਪਤ ਨਹੀਂ ਹੋਏਗਾ।

**ਜੇ ਤੁਸੀਂ ਰਿਟਾਇਰਮੈਂਟ ਇਨਕਮ ਲਾਭ ਪ੍ਰਾਪਤ ਕਰ ਰਹੇ ਹੋ, ਤਾਂ ਲਾਜ਼ਮੀ ਤੌਰ 'ਤੇ:**

» ਆਪਣੀ ਪੈਨਸ਼ਨ ਆਮਦਨੀ ਵਿੱਚ ਕਿਸੇ ਵੀ ਤਬਦੀਲੀ ਬਾਰੇ ਸਾਨੂੰ ਸੂਚਿਤ ਕਰੋ।

» ਹਰ ਸਾਲ ਸਾਨੂੰ ਆਪਣੀ ਇਨਕਮ ਟੈਕਸ ਰਿਟਰਨ ਦੀ ਪ੍ਰਮਾਣਿਤ ਕਾਪੀ ਪ੍ਰਦਾਨ ਕਰੋ ਤਾਂ ਜੋ ਅਸੀਂ ਤੁਹਾਨੂੰ ਮਿਲਣ ਵਾਲੀ ਹਰ ਪੈਨਸ਼ਨ ਦੀ ਤਸਦੀਕ ਕਰ ਸਕੀਏ।

- ਜੇ ਤੁਸੀਂ ਇਨਕਮ ਰਿਪਲੇਸਮੈਂਟ ਲਾਭ ਪ੍ਰਾਪਤ ਕਰ ਰਹੇ ਹੋ, ਤਾਂ ਤੁਸੀਂ ਅੱਗੇ ਦਿੱਤਿਆਂ ਵਿੱਚੋਂ ਜਿਹੜੀ ਵੀ ਚੀਜ਼ ਬਾਅਦ ਵਿੱਚ ਆਏਗੀ, ਉਸ ਤੋਂ ਬਾਅਦ ਆਉਣ ਵਾਲੀ 1 ਜੁਲਾਈ ਨੂੰ ਰਿਟਾਇਰਮੈਂਟ ਇਨਕਮ ਲਾਭ ਪ੍ਰਾਪਤ ਕਰਨ ਦੇ ਯੋਗ ਹੋਵੋਗੇ:
  - ਤੁਹਾਡਾ 65 ਵਾਂ ਜਨਮਦਿਨ।
  - ਉਸ ਦਿਨ ਦੀ 5ਵੀਂ ਵਰ੍ਹੇਗੰਢ, ਜਿਸ ਦਿਨ ਤੁਸੀਂ ਇਨਕਮ ਰਿਪਲੇਸਮੈਂਟ ਲਾਭ ਪ੍ਰਾਪਤ ਕਰਨ ਦੇ ਯੋਗ ਬਣੇ।

**ਕਿਰਪਾ ਕਰਕੇ ਨੋਟ ਕਰੋ:**

ਜੇ ਤੁਹਾਡੇ ਇਨਕਮ ਰਿਪਲੇਸਮੈਂਟ ਲਾਭ ਦੀ ਯੋਗਤਾ ਤੁਹਾਡੇ ਵੱਲੋਂ ਰਿਟਾਇਰਮੈਂਟ ਇਨਕਮ ਲਾਭ ਲਈ ਯੋਗ ਬਣਨ ਦੀ ਮਿਤੀ ਤੋਂ ਪਹਿਲਾਂ ਖਤਮ ਹੋ ਜਾਂਦੀ ਹੈ, ਤਾਂ ਤੁਹਾਨੂੰ ਰਿਟਾਇਰਮੈਂਟ ਇਨਕਮ ਲਾਭ ਪ੍ਰਾਪਤ ਨਹੀਂ ਹੋਏਗਾ।

# ਸੈਕਸ਼ਨ 03

## ਕੇਅਰਗਿਵਰ (ਦੇਖਭਾਲ ਕਰਨ ਵਾਲੇ ਦੇ) ਲਾਭ

### ਤੁਹਾਡੀ ਕਵਰੇਜ

ਜੇ ਟੱਕਰ ਹੋਣ ਸਮੇਂ ਤੁਸੀਂ ਕੇਅਰਗਿਵਰ (ਦੇਖਭਾਲ ਕਰਨ ਵਾਲੇ) ਸੀ, ਤਾਂ ਦੋ ਤਰ੍ਹਾਂ ਦੀ ਕਵਰੇਜ ਉਪਲਬਧ ਹੁੰਦੀ ਹੈ, ਜੋ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਕਿਸਮ ਦੀ ਕਮਾਈ ਕਰ ਰਹੇ ਸੀ।

### ਮੁੱਖ ਨੁਕਤੇ

- ਜੇ ਤੁਸੀਂ ਇੱਕ ਫੁੱਲ ਟਾਈਮ ਕੇਅਰਗਿਵਰ (ਦੇਖਭਾਲ ਕਰਨ ਵਾਲੇ) ਹੋ, ਤਾਂ ਤੁਸੀਂ ਹਫਤਾਵਾਰੀ ਕੇਅਰਗਿਵਰ ਲਾਭ ਲਈ ਯੋਗ ਹੋ ਸਕਦੇ ਹੋ।
- ਜੇ ਤੁਸੀਂ ਪਾਰਟ-ਟਾਈਮ ਕੇਅਰਗਿਵਰ (ਦੇਖਭਾਲ ਕਰਨ ਵਾਲੇ) ਹੋ, ਤਾਂ ਤੁਸੀਂ ਦੇਖਭਾਲ ਦੇ ਖਰਚੇ ਦੀ ਭਰਪਾਈ ਕਰਵਾਉਣ ਦੇ ਯੋਗ ਹੋ ਸਕਦੇ ਹੋ।

# ਫੁੱਲ ਟਾਈਮ ਕੇਅਰਗਿਵਰ (ਦੇਖਭਾਲ ਕਰਨ ਵਾਲਾ)

**ਤੁਸੀਂ ਹਫਤਾਵਾਰੀ ਕੇਅਰਗਿਵਰ ਲਾਭ ਲਈ ਯੋਗ ਹੋ ਜਦੋਂ:**

» ਟੱਕਰ ਹੋਣ ਤੋਂ ਪਹਿਲਾਂ ਤੁਹਾਡਾ ਮੁੱਖ ਕਿੱਤਾ ਬਿਨਾਂ ਪੈਸੇ ਦੇ ਅੱਗੇ ਦਿੱਤਿਆਂ ਵਿੱਚੋਂ ਕਿਸੇ ਦੀ ਦੇਖਭਾਲ ਕਰਨਾ ਸੀ:

  » 16 ਸਾਲ ਤੋਂ ਘੱਟ ਉਮਰ ਦਾ ਬੱਚਾ ਜਾਂ ਬੱਚੇ।

  » ਉਹ ਵਿਅਕਤੀ ਜੋ ਬਾਕਾਇਦਾ ਤੌਰ ’ਤੇ ਕਿਸੇ ਵੀ ਕਾਰਣ ਕਰਕੇ ਨੌਕਰੀ ‘ਤੇ ਟਿਕੇ ਰਹਿਣ ਤੋਂ ਅਸਮਰੱਥ ਹੈ।

» ਸੱਟ ਲੱਗਣ ਕਾਰਨ ਤੁਸੀਂ ਇਸ ਦੇਖਭਾਲ ਨੂੰ ਜਾਰੀ ਨਹੀਂ ਰੱਖ ਸਕਦੇ।

**ਕਰਪਾ ਕਰਕੇ ਨੋਟ ਕਰੋ:**

- ਜਦੋਂ ਕੋਈ ਬੱਚਾ 16 ਸਾਲਾਂ ਦਾ ਹੋ ਜਾਂਦਾ ਹੈ, ਉਸ ਬੱਚੇ ਨਾਲ ਸੰਬੰਧਿਤ ਕਵਰੇਜ ਖ਼ਤਮ ਹੋ ਜਾਂਦੀ ਹੈ, ਜਦੋਂ ਤੱਕ ਉਸ ਨੂੰ ਬਾਕਾਇਦਾ ਤੌਰ ‘ਤੇ ਕਿਸੇ ਵੀ ਕਾਰਨ ਨੌਕਰੀ ‘ਤੇ ਟਿਕੇ ਰਹਿਣ ਦੇ ਯੋਗ ਨਾ ਹੋਣ ਕਾਰਨ ਇਸ ਦੇਖਭਾਲ ਦੀ ਜ਼ਰੂਰਤ ਨਾ ਹੋਵੇ।
- ਕਿਸੇ ਵੀ ਕਾਰਨ ਬਾਕਾਇਦਾ ਤੌਰ ‘ਤੇ ਨੌਕਰੀ ‘ਤੇ ਟਿਕੇ ਰਹਿਣ ਤੋਂ ਅਯੋਗ 16 ਸਾਲ ਤੋਂ ਵੱਧ ਉਮਰ ਦੇ ਕਿਸੇ ਵਿਅਕਤੀ ਲਈ ਯੋਗਤਾ ਨਿਰਧਾਰਤ ਕਰਨ ਲਈ, ਸਾਨੂੰ ਵਿਚਾਰ ਕਰਨ ਦੀ ਲੋੜ ਪਵੇਗੀ:
  - » ਕੀ ਵਿਅਕਤੀ ਰੁਜ਼ਗਾਰ ਪ੍ਰਾਪਤ ਕਰਨ ਦੇ ਅਯੋਗ ਹੈ?
  - » ਟੱਕਰ ਵਿਚ ਲੱਗੀਆਂ ਸੱਟਾਂ ਤੁਹਾਨੂੰ ਇਹ ਦੇਖਭਾਲ ਪ੍ਰਦਾਨ ਕਰਨ ਤੋਂ ਕਿਵੇਂ ਰੋਕਦੀਆਂ ਹਨ?
- ਲਾਭ ਵੱਧ ਜਾਂ ਘੱਟ ਸਕਦਾ ਹੈ ਜੇ ਉਨ੍ਹਾਂ ਲੋਕਾਂ ਦਾ ਸਟੇਟਸ ਜਾਂ ਉਨ੍ਹਾਂ ਲੋਕਾਂ ਦੀ ਗਿਣਤੀ ਤਬਦੀਲ ਹੋ ਜਾਵੇ, ਜਿਨ੍ਹਾਂ ਲਈ ਤੁਸੀਂ ਜ਼ਿੰਮੇਵਾਰ ਹੋ

# ਕੇਅਰਗਿਵਰ ਹਫਤਾਵਾਰੀ ਲਾਭ (ਹਰ ਦੋ ਹਫਤਿਆਂ ਵਿੱਚ ਭੁਗਤਾਨ)

ਕੇਅਰਗਿਵਰ ਹਫਤਾਵਾਰੀ ਲਾਭ ਹਰ ਦੋ ਹਫਤਿਆਂ ਵਿੱਚ ਅਦਾ ਕੀਤਾ ਜਾਂਦਾ ਹੈ ਅਤੇ ਇਸ ਦਾ ਉਦੇਸ਼ ਬਦਲਵੇਂ ਕੇਅਰਗਿਵਰ ਨੂੰ ਕੰਮ ’ਤੇ ਰੱਖਣ ਲਈ ਵਰਤਿਆ ਜਾਂਦਾ ਹੈ। ਇਸ ਲਾਭ ਦਾ ਟੀਚਾ ਬਿਨਾਂ ਪੈਸੇ ਦੇ ਦੇਖਭਾਲ ਕਰਨ ਵਾਲਿਆਂ ਦੀ ਮਦਦ ਕਰਨਾ ਹੈ, ਜੋ ਟੱਕਰ ਵਿੱਚ ਸ਼ਾਮਲ ਹਨ। ਇਹ ਇਸ ਤਰ੍ਹਾਂ ਕੰਮ ਕਰਦਾ ਹੈ:

**ਟੱਕਰ ਤੋਂ 0-180 ਦਿਨ ਬਾਅਦ:**

ਯੋਗ ਪਾਰਟ-ਟਾਈਮ ਕਮਾਉਣ ਵਾਲੇ ਅਤੇ ਕਮਾਈ ਨਾ ਕਰਨ ਵਾਲੇ ਟੱਕਰ ਹੋਣ ਤੋਂ ਬਾਅਦ 180 ਦਿਨਾਂ ਤੱਕ ਇਨਕਮ ਰਿਲਪੇਸਮੈਂਟ ਅਤੇ ਹਫਤਾਵਾਰੀ ਕੇਅਰਗਿਵਰ ਦੋਵੇਂ ਲਾਭ ਇਕੱਠੇ ਲੈ ਸਕਦੇ ਹਨ। ਹਾਲਾਤ ਬਦਲਣ ’ਤੇ ਲਾਭ ਵਿੱਚ ਤਬਦੀਲੀ ਕੀਤੀ ਜਾਵੇਗੀ, ਜਿਵੇਂ ਕਿ ਬੱਚੇ ਦੇ 16 ਸਾਲ ਦੇ ਹੋਣ ‘ਤੇ।

**ਟੱਕਰ ਹੋਣ ਤੋਂ ਬਾਅਦ 181 ਜਾਂ ਵਧੇਰੇ ਦਿਨ:**

ਜੇ ਤੁਹਾਡੀਆਂ ਸੱਟਾਂ ਤੁਹਾਨੂੰ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਜਾਂ ਉਹਨਾਂ ਲੋਕਾਂ ਦੀ ਦੇਖਭਾਲ ਕਰਨ ਤੋਂ ਰੋਕਦੀਆਂ ਹਨ, ਜੋ ਕਿਸੇ ਕਾਰਨ ਕਰਕੇ ਕੋਈ ਰੁਜ਼ਗਾਰ ‘ਤੇ ਟਿਕੇ ਰਹਿਣ ਤੋਂ ਅਸਮਰੱਥ ਹਨ, ਤਾਂ ਤੁਹਾਡੇ ਕੋਲ ਦੋ ਚੋਣਾਂ ਹਨ:

» ਤੁਸੀਂ ਆਪਣੇ ਨਿਸ਼ਚਤ ਰੁਜ਼ਗਾਰ ਦੇ ਆਧਾਰ ’ਤੇ ਇਨਕਮ ਰਿਪਲੇਸਮੈਂਟ ਲਾਭ ਪ੍ਰਾਪਤ ਕਰ ਸਕਦੇ ਹੋ (ਤੁਸੀਂ ਅਜੇ ਵੀ ਦੇਖਭਾਲ ਦੇ ਖਰਚਿਆਂ ਦੀ ਅਦਾਇਗੀ ਦੇ ਯੋਗ ਹੋ ਸਕਦੇ ਹੋ), ਜਾਂ

» ਤੁਸੀਂ ਕੇਅਰਗਿਵਰ ਹਫਤਾਵਾਰੀ ਲਾਭ ਪ੍ਰਾਪਤ ਕਰਨਾ ਜਾਰੀ ਰੱਖ ਸਕਦੇ ਹੋ।

ਤੁਹਾਡਾ ਸਹਾਇਤਾ ਅਤੇ ਰਿਕਵਰੀ ਮਾਹਰ ਤੁਹਾਨੂੰ ਇਸ ਚੋਣ ਦੀ ਵਿਆਖਿਆ ਕਰੇਗਾ ਅਤੇ ਹਿਸਾਬ ਲਗਾਏਗਾ ਕਿ ਤੁਸੀਂ ਆਪਣੇ ਨਿਸ਼ਚਿਤ ਰੁਜ਼ਗਾਰ ਲਈ ਇਨਕਮ ਰਿਪਲੇਸਮੈਂਟ ਲਾਭ ਦੇ ਆਧਾਰ ’ਤੇ ਕਿੰਨਾ ਪ੍ਰਾਪਤ ਕਰੋਗੇ।

**ਕਿਰਪਾ ਕਰਕੇ ਨੋਟ ਕਰੋ:**

ਜੇ ਦੋ ਲੋਕ ਇੱਕੋ ਨਿਰਭਰ ਦੀ ਦੇਖਭਾਲ ਕਰਦੇ ਹਨ, ਤਾਂ ਉਹਨਾਂ ਵਿੱਚੋਂ ਸਿਰਫ ਇੱਕ ਹੀ ਕੇਅਰਗਿਵਰ ਹਫਤਾਵਾਰੀ ਲਾਭ ਕਲੇਮ ਕਰ ਸਕਦਾ ਹੈ।

ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਇਹ ਵੀ ਵੇਖੋ ਕਿ ਇਨਕਮ ਰਿਪਲੇਸਮੈਂਟ ਲਾਭ ਕਦੋਂ ਖਤਮ ਹੁੰਦਾ ਹੈ? p. 23 ਅਤੇ ਸੈਕਸ਼ਨ 2- ਇਨਕਮ ਰਿਪਲੇਸਮੈਂਟ ਲਾਭ ਵਿੱਚ ਟੱਕਰ ਹੋਣ ਤੋਂ 181 ਦਿਨਾਂ ਬਾਅਦ ਇਨਕਮ ਰਿਪਲੇਸਮੈਂਟ ਲਾਭ p. 21 ।

# ਪੂਰੇ ਸਮੇਂ ਦੀ ਦੇਖਭਾਲ ਕਰਨ ਵਾਲਿਆਂ ਲਈ ਦੇਖਭਾਲ ਕਰਨ ਵਾਲੇ ਲਈ ਹਫ਼ਤਾਵਾਰੀ ਲਾਭ ਦੀ ਰਕਮ

ਤੁਹਾਡੇ ਕੇਅਰਗਿਵਰ ਹਫਤਾਵਾਰੀ ਲਾਭ ਦੀ ਰਾਸ਼ੀ ਇਸ ਗੱਲ ’ਤੇ ਨਿਰਭਰ ਕਰਦੀ ਹੈ ਕਿ ਟੱਕਰ ਸਮੇਂ ਤੁਸੀਂ ਕਿੰਨੇ ਲੋਕਾਂ ਦੀ ਦੇਖਭਾਲ ਕਰ ਰਹੇ ਸੀ। ਇਸ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚੇ ਜਾਂ ਉਹ ਲੋਕ ਸ਼ਾਮਲ ਹਨ ਜੋ ਕਿਸੇ ਵੀ ਕਾਰਣ ਕਰਕੇ ਕਿਸੇ ਨੌਕਰੀ ‘ਤੇ ਟਿਕੇ ਰਹਿਣ ਤੋਂ ਅਸਮਰੱਥ ਹਨ।

**ਕੇਅਰਗਿਵਰ ਹਫਤਾਵਾਰੀ ਲਾਭ ਦਾ ਹਿਸਾਬ ਹੇਠਾਂ ਦਿੱਤੇ ਅਨੁਸਾਰ ਲਾਇਆ ਜਾਂਦਾ ਹੈ:**

| | |
|---|---|
| 1 ਵਿਅਕਤੀ ਦੀ ਦੇਖਭਾਲ = | $661 ਹਫਤਾਵਾਰੀ ਲਾਭ |
| 2 ਵਿਅਕਤੀਆਂ ਦੀ ਦੇਖਭਾਲ = | $719 ਹਫਤਾਵਾਰੀ ਲਾਭ |
| 3 ਵਿਅਕਤੀਆਂ ਦੀ ਦੇਖਭਾਲ = | $775 ਹਫਤਾਵਾਰੀ ਲਾਭ |
| 4 ਜਾਂ ਵੱਧ ਵਿਅਕਤੀਆਂ ਦੀ ਦੇਖਭਾਲ = | $814 ਹਫਤਾਵਾਰੀ ਲਾਭ |

# ਪਾਰਟ ਟਾਈਮ ਕੇਅਰਗਿਵਰ

**ਤੁਸੀਂ ਦੇਖਭਾਲ ਦੇ ਖਰਚੇ ਲੈਣ ਦੇ ਯੋਗ ਹੋ, ਜਦ:**

» ਟੱਕਰ ਹੋਣ ਤੋਂ ਪਹਿਲਾਂ ਤੁਸੀਂ ਅੱਗੇ ਦਿੱਤੇ ਵਿਅਕਤੀਆਂ ਲਈ ਬਿਨਾਂ ਭੁਗਤਾਨ ਦੇ ਦੇਖਭਾਲ ਪ੍ਰਦਾਨ ਕੀਤੀ:

  » 16 ਸਾਲ ਤੋਂ ਘੱਟ ਉਮਰ ਦੇ ਬੱਚੇ ਜਾਂ ਬੱਚਿਆਂ ਲਈ

  » ਉਸ ਵਿਅਕਤੀ ਲਈ ਜੋ ਕਿਸੇ ਵੀ ਕਾਰਣ ਕਰਕੇ, ਬਾਕਾਇਦਾ ਤੌਰ ’ਤੇ ਰੁਜ਼ਗਾਰ ਪ੍ਰਾਪਤ ਕਰਨ ਤੋਂ ਅਸਮਰੱਥ ਹੈ,

» ਸੱਟ ਲੱਗਣ ਕਾਰਨ ਤੁਸੀਂ ਇਸ ਦੇਖਭਾਲ ਨੂੰ ਜਾਰੀ ਨਹੀਂ ਰੱਖ ਸਕਦੇ।

» ਤੁਸੀਂ ਫੁੱਲ ਟਾਈਮ ਜਾਂ ਆਰਜ਼ੀ ਤੌਰ ’ਤੇ ਕਮਾਈ ਕਰ ਰਹੇ ਹੋ।

» ਤੁਸੀਂ ਨਾਬਾਲਗ ਜਾਂ ਵਿਦਿਆਰਥੀ ਹੋ।

» ਤੁਸੀਂ ਪਾਰਟ-ਟਾਈਮ ਕਮਾਉਣ ਵਾਲੇ ਜਾਂ ਕਮਾਈ ਨਾ ਕਰਨ ਵਾਲੇ ਅਜਿਹੇ ਵਿਅਕਤੀ ਹੋ ਜਿਸ ਨੇ ਇਨਕਮ ਰਿਪਲੇਸਮੈਂਟ ਲਾਭ ਲੈਣ ਦੀ ਚੋਣ ਕੀਤੀ ਹੈ, ਜਾਂ

» ਤੁਹਾਨੂੰ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਤੁਸੀਂ ਇਨਕਮ ਰਿਲਪੇਸਮੈਂਟ ਲਾਭ ਪ੍ਰਾਪਤ ਕਰ ਰਹੇ ਹੋ।

**ਕਿਰਪਾ ਕਰਕੇ ਨੋਟ ਕਰੋ:**

- ਜਦੋਂ ਕੋਈ ਬੱਚਾ 16 ਸਾਲਾਂ ਦਾ ਹੋ ਜਾਂਦਾ ਹੈ, ਤਾਂ ਉਸ ਬੱਚੇ ਨਾਲ ਸੰਬੰਧਿਤ ਕਵਰੇਜ ਖਤਮ ਹੋ ਜਾਂਦੀ ਹੈ, ਜਦ ਤੱਕ ਉਸ ਨੂੰ ਕਿਸੇ ਮਾਨਸਿਕ ਜਾਂ ਸਰੀਰਕ ਅਪਾਹਜਤਾ ਕਰਕੇ ਦੇਖਭਾਲ ਦੀ ਜ਼ਰੂਰਤ ਨਹੀਂ ਹੁੰਦੀ।
- ਕਿਸੇ ਵੀ ਕਾਰਨ ਬਾਕਾਇਦਾ ਤੌਰ ‘ਤੇ ਨੌਕਰੀ ‘ਤੇ ਟਿਕੇ ਰਹਿਣ ਤੋਂ ਅਯੋਗ 16 ਸਾਲ ਤੋਂ ਵੱਧ ਉਮਰ ਦੇ ਕਿਸੇ ਵਿਅਕਤੀ ਲਈ ਯੋਗਤਾ ਨਿਰਧਾਰਤ ਕਰਨ ਲਈ, ਸਾਨੂੰ ਵਿਚਾਰ ਕਰਨ ਦੀ ਲੋੜ ਪਵੇਗੀ:

  » ਕੀ ਵਿਅਕਤੀ ਰੁਜ਼ਗਾਰ ਪ੍ਰਾਪਤ ਕਰਨ ਦੇ ਅਯੋਗ ਹੈ?

  » ਤੁਸੀਂ ਇਸ ਵਿਅਕਤੀ ਨੂੰ ਕਿਸ ਕਿਸਮ ਦੀ ਦੇਖਭਾਲ ਪ੍ਰਦਾਨ ਕਰ ਰਹੇ ਸੀ?

  » ਟੱਕਰ ਵਿਚ ਲੱਗੀਆਂ ਸੱਟਾਂ ਤੁਹਾਨੂੰ ਇਹ ਦੇਖਭਾਲ ਪ੍ਰਦਾਨ ਕਰਨ ਤੋਂ ਕਿਵੇਂ ਰੋਕਦੀਆਂ ਹਨ?

# ਦੇਖਭਾਲ ਦੇ ਖਰਚਿਆਂ ਦੀ ਵਾਪਸੀ ਲਈ ਕਵਰੇਜ

ਦੇਖਭਾਲ ਦੇ ਖਰਚਿਆਂ ਦੀ ਵਾਪਸੀ ਲਈ ਅਦਾਇਗੀ ਤੁਹਾਨੂੰ ਉਸ ਕੇਅਰਗਿਵਰ ਨੂੰ ਅਦਾਇਗੀ ਕਰਨ ਵਿੱਚ ਸਹਾਇਤਾ ਕਰਦੀ ਹੈ ਜੋ ਤੁਹਾਡੀਆਂ ਦੇਖਭਾਲ ਦੀਆਂ ਡਿਊਟੀਆਂ ਨਿਭਾ ਰਿਹਾ ਹੈ, ਜਿਹਨਾਂ ਨੂੰ ਪੂਰਾ ਕਰਨ ਵਿੱਚ ਤੁਸੀਂ ਟੱਕਰ ਵਿੱਚ ਲੱਗੀਆਂ ਸੱਟਾਂ ਕਾਰਨ ਅਸਮਰੱਥ ਹੋ।

**ਕਿਰਪਾ ਕਰਕੇ ਨੋਟ ਕਰੋ:**

- ਸਾਰੇ ਖਰਚਿਆਂ ਦੀ ਕਿਸੇ ਵੀ ਅਦਾਇਗੀ ਲਈ ਪੂਰਵ ਪ੍ਰਵਾਨਗੀ ਦੀ ਲੋੜ ਹੁੰਦੀ ਹੈ।
- ਖਰਚੇ ਟੱਕਰ ਵਿੱਚ ਲੱਗੀਆਂ ਸੱਟਾਂ ਨਾਲ ਸੰਬੰਧਿਤ ਹੋਣੇ ਚਾਹੀਦੇ ਹਨ ਨਾ ਕਿ ਰੁਟੀਨ ਦੇ ਖਰਚ ਜੋ ਤੁਸੀਂ ਟੱਕਰ ਹੋਣ ਤੋਂ ਪਹਿਲਾਂ ਕਰ ਰਹੇ ਸੀ।
- ਤੁਸੀਂ ਦੇਖਭਾਲ ਦੇ ਖਰਚੇ ਦੀ ਵਾਪਸੀ ਲਈ ਸਿਰਫ ਤਾਂ ਹੀ ਯੋਗ ਹੋ, ਜੇ ਤੁਹਾਡਾ ਕੋਈ ਜੀਵਨ ਸਾਥੀ ਨਹੀਂ ਹੈ ਜਾਂ ਜੇ ਤੁਹਾਡਾ ਸਾਥੀ ਕੰਮ, ਪੜ੍ਹਾਈ, ਅਪਾਹਜਤਾ ਜਾਂ ਬੀਮਾਰੀ ਕਰਕੇ ਤੁਹਾਡੀਆਂ ਦੇਖਭਾਲ ਦੀਆਂ ਡਿਊਟੀਆਂ ਨਹੀਂ ਸੰਭਾਲ ਸਕਦਾ?

# ਦੇਖਭਾਲ ਖਰਚੇ ਦੀ ਵੱਧ ਤੋਂ ਵੱਧ ਰਕਮ

ਅਸੀਂ ਤੁਹਾਡੇ ਦੇਖਭਾਲ ਦੇ ਅਸਲ ਖਰਚਿਆਂ ਦੀ ਇੱਕ ਹਫਤੇ ਦੀ ਵੱਧ ਤੋਂ ਵੱਧ ਹੱਦ ਤੱਕ ਅਦਾਇਗੀ ਕਰਦੇ ਹਾਂ।

**ਦੇਖਭਾਲ ਖਰਚਿਆਂ ਦੀ ਵੱਧ ਤੋਂ ਵੱਧ ਦੇਖਭਾਲ ਖਰਚੇ ਦੀ ਰਕਮ ਹੇਠਾਂ ਦਿੱਤੀ ਗਈ ਹੈ:**

| | |
|---|---|
| 1 ਵਿਅਕਤੀ ਦੀ ਦੇਖਭਾਲ = | **$165/** ਹਫਤਾਵਾਰ |
| 2 ਵਿਅਕਤੀਆਂ ਦੀ ਦੇਖਭਾਲ = | **$210/** ਹਫਤਾਵਾਰ |
| 3 ਵਿਅਕਤੀਆਂ ਦੀ ਦੇਖਭਾਲ = | **$256/** ਹਫਤਾਵਾਰ |
| 4 ਜਾਂ ਵੱਧ ਵਿਅਕਤੀਆਂ ਦੀ ਦੇਖਭਾਲ = | **$301/** ਹਫਤਾਵਾਰ |

# ਦੇਖਭਾਲ ਖਰਚੇ ਦੀ ਵਾਪਸੀ ਦੇ ਕਲੇਮਾਂ ਲਈ ਉਪਯੋਗੀ ਸੁਝਾਅ

ਜੇ ਸ਼ੱਕ ਹੈ, ਤਾਂ ਕੋਈ ਵੀ ਖਰਚਾ ਕਰਨ ਤੋਂ ਪਹਿਲਾਂ ਹਮੇਸ਼ਾਂ ਆਪਣੇ ਸਹਾਇਤਾ ਅਤੇ ਰਿਕਵਰੀ ਮਾਹਰ ਨਾਲ ਸੰਪਰਕ ਕਰੋ। ਇਕ ਨਿਸ਼ਚਿਤ ਸੀਮਾ ਤੱਕ, ਸਿੱਧੀ ਤਰ੍ਹਾਂ ਬਿੱਲ ਨਾ ਕੀਤੇ ਗਏ ਖਰਚਿਆਂ ਦੇ ਕਿਸੇ ਵੀ ਕਲੇਮ ਲਈ ਤੁਹਾਨੂੰ 180 ਦਿਨਾਂ ਦੇ ਅੰਦਰ ਅੰਦਰ ਰਸੀਦਾਂ ਮੁਹੱਈਆ ਕਰਨ ਦੀ ਜ਼ਰੂਰਤ ਹੋਏਗੀ, ਪਰ ਕੁਝ ਖਰਚਿਆਂ ਲਈ ਤੁਹਾਨੂੰ ਆਪਣੇ ਸਹਾਇਤਾ ਅਤੇ ਰਿਕਵਰੀ ਮਾਹਰ ਕੋਲੋਂ ਪਹਿਲਾਂ ਮਨਜ਼ੂਰੀ ਲੈਣ ਦੀ ਜ਼ਰੂਰਤ ਹੋਏਗੀ।

ਤੁਸੀਂ ਆਪਣੀਆਂ ਰਸੀਦਾਂ ਆਨਲਾਈਨ ਜਮਾਂ ਕਰ ਸਕਦੇ ਹ icbc.com/claims।

**ਕਿਰਪਾ ਕਰਕੇ ਨੋਟ ਕਰੋ:**

ਅਸੀਂ ਅਸਲ ਰਸੀਦਾਂ ਵਾਪਸ ਕਰਨ ਵਿੱਚ ਅਸਮਰੱਥ ਹਾਂ।

# ਸੈਕਸ਼ਨ 04

## ਨਿੱਜੀ ਦੇਖਭਾਲ ਸਹਾਇਤਾ

### ਤੁਹਾਡੀ ਕਵਰੇਜ

ਨਿੱਜੀ ਦੇਖਭਾਲ ਸਹਾਇਤਾ ਤੁਹਾਡੀ ਦੇਖਭਾਲ ਕਰਨ ਵਾਲੇ ਦੇ ਖਰਚੇ ਨੂੰ ਕਵਰ ਕਰਦੀ ਹੈ ਜੇ ਟੱਕਰ ਵਿੱਚ ਲੱਗੀਆਂ ਸੱਟਾਂ (ਸਰੀਰਕ ਜਾਂ ਮਾਨਸਿਕ) ਕਾਰਨ ਤੁਸੀਂ ਆਪਣੀ ਦੇਖਭਾਲ ਨਹੀਂ ਕਰ ਸਕਦੇ। ਕਵਰੇਜ ਦਾ ਪੱਧਰ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਹਾਨੂੰ ਕਿੰਨੀ ਸਹਾਇਤਾ ਦੀ ਜ਼ਰੂਰਤ ਹੈ:

- ਗੈਰ-ਗੰਭੀਰ ਸੱਟਾਂ = 5,703 / ਮਹੀਨੇ ਤੱਕ
- ਗੰਭੀਰ ਸੱਟਾਂ ਜਿਹਨਾਂ ਨੂੰ 24 ਘੰਟੇ ਦੇਖਭਾਲ ਦੀ ਲੋੜ ਨਹੀਂ = $6,820 / ਮਹੀਨੇ ਤੱਕ
- ਗੰਭੀਰ ਸੱਟਾਂ ਜਿਹਨਾਂ ਨੂੰ 24 ਘੰਟੇ ਦੇਖਭਾਲ ਦੀ ਲੋੜ ਹੁੰਦੀ ਹੈ = $11,333 / ਮਹੀਨੇ ਤੱਕ

# ਸੈਕਸ਼ਨ 04

## ਨਿੱਜੀ ਦੇਖਭਾਲ ਸਹਾਇਤਾ

### ਮੁੱਖ ਨੁਕਤੇ

- ਜੇਕਰ ਤੁਸੀਂ ਆਪਣੀ ਦੇਖਭਾਲ ਨਹੀਂ ਕਰ ਸਕਦੇ ਜਾਂ ਰੋਜ਼ਾਨਾ ਦੇ ਜ਼ਰੂਰੀ ਕੰਮ ਨਹੀਂ ਕਰ ਸਕਦੇ ਤਾਂ ਇਨਹਾਂਸਡ ਐਕਸੀਡੈਂਟ ਲਾਭ ਤੁਹਾਨੂੰ ਨਿੱਜੀ ਦੇਖਭਾਲ ਸਹਾਇਤਾ ਲਈ ਇੱਕ ਮਾਸਿਕ ਸੀਮਾ ਤੱਕ ਦਾ ਭੁਗਤਾਨ ਕਰਨਗੇ। ਜਾਣਕਾਰੀ ਲਈ ਦੇਖੋ – **ਰੋਜ਼ਾਨਾ ਜੀਵਨ ਦੇ ਕੰਮਾਂ ਵਿੱਚ ਸਹਾਇਤਾ ਲਈ ਤੁਹਾਡੀ ਜ਼ਰੂਰਤ ਦਾ ਮੁਲਾਂਕਣ ਕਰਨਾ**। p.33.
- ਇਹ ਕਵਰੇਜ ਸਿਰਫ ਨਿੱਜੀ ਜ਼ਰੂਰਤਾਂ ਅਤੇ ਰੋਜ਼ਮਰ੍ਹਾ ਦੇ ਕਾਰਜਾਂ ਲਈ ਉਪਲਬਧ ਹੈ ਅਤੇ ਤੁਹਾਡੀ ਉਮਰ 'ਤੇ ਆਧਾਰਿਤ ਹੈ:
  - » ਜੇ ਤੁਸੀਂ 16 ਸਾਲ ਤੋਂ ਵੱਧ ਹੋ, ਤਾਂ ਇਹ ਟੱਕਰ ਤੋਂ ਪਹਿਲਾਂ ਦੀਆਂ ਜ਼ਰੂਰੀ ਲੋੜਾਂ ਅਤੇ ਕੰਮ ਕਵਰ ਕਰਦੀ ਹੈ ਜਾਂ ਉਹਨਾਂ ਜ਼ਰੂਰੀ ਕੰਮਾਂ ਅਤੇ ਲੋੜਾਂ ਨੂੰ ਜੋ ਟੱਕਰ ਦੇ ਨਤੀਜੇ ਵਜੋਂ ਜ਼ਰੂਰੀ ਹੋ ਗਏ ਹਨ।
  - » ਜੇ ਤੁਸੀਂ 16 ਸਾਲ ਤੋਂ ਘੱਟ ਹੋ, ਤਾਂ ਇਹ ਤੁਹਾਡੇ ਪਹਿਲੇ ਮੁਲਾਂਕਣ ਦੇ ਆਧਾਰ 'ਤੇ ਟੱਕਰ ਹੋਣ ਤੋਂ ਪਹਿਲਾਂ ਦੀਆਂ ਜ਼ਰੂਰੀ ਲੋੜਾਂ ਅਤੇ ਕੰਮਾਂ ਨੂੰ ਕਵਰ ਕਰਦੀ ਹੈ। ਤੁਹਾਡੀ ਉਮਰ ਵਧਣ ਨਾਲ ਹੋਰ ਜ਼ਰੂਰਤਾਂ ਅਤੇ ਕਾਰਜਾਂ ਦੀ ਲੋੜ ਹੋ ਸਕਦੀ ਹੈ।
- ਨਿੱਜੀ ਦੇਖਭਾਲ ਸਹਾਇਤਾ ਲਈ ਯੋਗ ਹੋਣ ਲਈ ਰੋਜ਼ਾਨਾ ਜੀਵਨ ਦੇ ਕੰਮਾਂ ਵਿੱਚ ਸਹਾਇਤਾ ਲਈ ਤੁਹਾਡੀਆਂ ਮੁਲਾਂਕਣ ਜ਼ਰੂਰਤਾਂ ਨੂੰ ਘੱਟੋ ਘੱਟ ਪੱਧਰ 'ਤੇ ਪਹੁੰਚਣਾ ਲਾਜ਼ਮੀ ਹੈ। ਤੁਹਾਡਾ ਸਹਾਇਤਾ ਅਤੇ ਰਿਕਵਰੀ ਮਾਹਰ ਤੁਹਾਡੀਆਂ ਜ਼ਰੂਰਤਾਂ ਦਾ ਮੁਲਾਂਕਣ ਕਰਨ ਦਾ ਪ੍ਰਬੰਧ ਕਰੇਗਾ।
- ਤੁਹਾਡੀ ਕਵਰੇਜ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਹਾਨੂੰ ਕਿੰਨੀ ਸਹਾਇਤਾ ਦੀ ਜ਼ਰੂਰਤ ਹੈ ਅਤੇ ਲੋੜੀਂਦੀ ਸਹਾਇਤਾ ਦੇ ਪੱਧਰ ਦੁਆਰਾ ਨਿਰਧਾਰਤ ਕੀਤੀ ਗਈ ਵੱਧ ਤੋਂ ਵੱਧ ਰਕਮ ਤੱਕ ਸੀਮਤ ਹੈ।
- ਤੁਸੀਂ ਕਿਸੇ ਨੂੰ ਵੀ ਆਪਣੀ ਸਹਾਇਤਾ ਕਰਨ ਲਈ ਨੌਕਰੀ 'ਤੇ ਰੱਖ ਸਕਦੇ ਹੋ। ਖਰਚਿਆਂ ਦੀ ਮੁੜ ਅਦਾਇਗੀ ਲਈ ਪਹਿਲਾਂ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ ਅਤੇ ਤੁਹਾਨੂੰ ਉਸ ਸਰਵਿਸ ਅਤੇ ਸਰਵਿਸ ਦੇਣ ਵਾਲੇ ਵਿਅਕਤੀ ਬਾਰੇ ਜਾਣਕਾਰੀ ਦੇਣ ਵਾਲੀ ਰਸੀਦ ਦੀ ਕਾਪੀ ਪ੍ਰਦਾਨ ਕਰਨੀ ਪਵੇਗੀ। ਜ਼ਿਆਦਾਤਰ ਮਾਮਲਿਆਂ ਵਿੱਚ ਅਸੀਂ ਸਰਵਿਸ ਦੇਣ ਵਾਲੇ ਨੂੰ ਸਿੱਧਾ ਭੁਗਤਾਨ ਕਰਾਂਗੇ।
- ਅਸੀਂ ਤੁਹਾਡੇ, ਤੁਹਾਡੇ ਡਾਕਟਰ ਅਤੇ ਤੁਹਾਡੇ ਸਿਹਤ ਸੰਭਾਲ ਪ੍ਰਦਾਤਾਵਾਂ ਨਾਲ ਨਿਯਮਤ ਵਕਫਿਆਂ 'ਤੇ ਨਿੱਜੀ ਦੇਖਭਾਲ ਸਹਾਇਤਾ ਲੋੜਾਂ ਦਾ ਮੁੜ-ਮੁਲਾਂਕਣ ਕਰਨ ਲਈ ਕੰਮ ਕਰਾਂਗੇ।

## ਤੁਹਾਡੀ ਸਹਾਇਤਾ ਕੌਣ ਕਰ ਸਕਦਾ ਹੈ

ਤੁਸੀਂ ਕਿਸੇ ਨੂੰ ਵੀ ਆਪਣੀ ਨਿੱਜੀ ਦੇਖਭਾਲ ਅਤੇ ਰੋਜ਼ਮਰ੍ਹਾ ਦੀਆਂ ਜ਼ਰੂਰਤਾਂ ਵਿੱਚ ਆਪਣੀ ਸਹਾਇਤਾ ਲਈ ਰੱਖ ਸਕਦੇ ਹੋ। ਤੁਸੀਂ ਆਪਣੀ ਸਹਾਇਤਾ ਲਈ ਆਪਣੇ ਪਰਿਵਾਰਕ ਮੈਂਬਰਾਂ, ਦੋਸਤਾਂ ਅਤੇ ਗੁਆਂਢੀਆਂ ਨੂੰ ਭੁਗਤਾਨ ਕਰ ਸਕਦੇ ਹੋ ਜਾਂ ਤੁਸੀਂ ਕਿਸੇ ਪੇਸ਼ਾਵਰ ਨੂੰ ਨੌਕਰੀ 'ਤੇ ਰੱਖ ਸਕਦੇ ਹੋ।

ਫਿਰ ਵੀ ਸਾਨੂੰ ਇਹ ਯਕੀਨੀ ਬਣਾਉਣ ਲਈ ਤੁਹਾਡੇ ਕਲੇਮਾਂ ਦੀ ਸਮੀਖਿਆ ਕਰਨ ਦੀ ਜ਼ਰੂਰਤ ਹੋਏਗੀ ਕਿ ਤੁਹਾਡੇ ਖਰਚ ਵਾਜਬ ਹਨ, ਸਰਵਿਸ ਕਰਨ ਲਈ ਲੋੜੀਂਦਾ ਸਮਾਂ ਸਹੀ ਹੈ ਅਤੇ ਸਰਵਿਸ ਲਈ ਅਦਾ ਕੀਤੀ ਰਕਮ ਉਸੇ ਤਰ੍ਹਾਂ ਦੀਆਂ ਸੇਵਾਵਾਂ ਲਈ ਆਮ ਸੀਮਾ ਦੇ ਅੰਦਰ ਹੈ।

**ਕਿਰਪਾ ਕਰਕੇ ਨੋਟ ਕਰੋ:**

ਭਾਵੇਂ ਆਈ ਸੀ ਬੀ ਸੀ ਸੰਭਾਵਿਤ ਸੇਵਾ ਪ੍ਰਦਾਨ ਕਰਨ ਵਾਲਿਆਂ ਦਾ ਸੁਝਾਅ ਦੇ ਸਕਦੀ ਹੈ, ਤੁਸੀਂ ਆਪ ਉਸ ਵਿਅਕਤੀ ਜਾਂ ਕੰਪਨੀ ਨੂੰ ਨੌਕਰੀ ਦੇਣ ਦੀ ਚੋਣ ਕਰਨ ਲਈ ਜ਼ਿੰਮੇਵਾਰ ਹੋ, ਜੋ ਤੁਹਾਡੀ ਸਹਾਇਤਾ ਕਰਦਾ ਹੈ ਅਤੇ ਆਈ ਸੀ ਬੀ ਸੀ ਉਨ੍ਹਾਂ ਦੇ ਕੰਮ ਲਈ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੈ।

## ਰੋਜ਼ਮਰ੍ਹਾ ਦੇ ਜੀਵਨ ਦੀਆਂ ਕਿਰਿਆਵਾਂ ਵਿੱਚ ਸਹਾਇਤਾ ਲਈ ਤੁਹਾਡੀ ਜ਼ਰੂਰਤ ਦਾ ਮੁਲਾਂਕਣ ਕਰਨਾ

ਤੁਹਾਡੀ ਨਿੱਜੀ ਦੇਖਭਾਲ ਦੀ ਕਵਰੇਜ ਦਾ ਪੱਧਰ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਟੱਕਰ ਹੋਣ ਨਾਲ ਤੁਹਾਡੀਆਂ ਸੱਟਾਂ ਨੇ ਤੁਹਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ।

ਨਿੱਜੀ ਦੇਖਭਾਲ ਸਹਾਇਤਾ ਲਈ ਯੋਗਤਾ ਪੂਰੀ ਕਰਨ ਲਈ ਤੁਹਾਡਾ ਸਹਾਇਤਾ ਅਤੇ ਰਿਕਵਰੀ ਮਾਹਰ ਗਤੀਵਿਧੀਆਂ ਕਰਨ ਦੀ ਤੁਹਾਡੀ ਯੋਗਤਾ ਦੇ ਮੁਲਾਂਕਣ ਦਾ ਪ੍ਰਬੰਧ ਕਰੇਗਾ, ਜਿਸ ਵਿੱਚ ਸ਼ਾਮਲ ਹੋ ਸਕਦੇ ਹਨ:

**ਆਪਣੇ ਆਪ ਦੀ ਸੰਭਾਲ ਕਰਨਾ:**

» ਮੰਜੇ 'ਤੇ ਪੈਣਾ ਅਤੇ ਮੰਜੇ ਤੋਂ ਉੱਠਣਾ

» ਕੱਪੜੇ ਪਾਉਣੇ ਅਤੇ ਲਾਹੁਣੇ

» ਬਰੇਕਫਾਸਟ, ਲੰਚ ਅਤੇ ਡਿਨਰ ਬਣਾਉਣਾ

» ਖਾਣਾ

» ਧੋਣਾ

» ਟਾਇਲਟ ਦੀ ਵਰਤੋਂ ਕਰਨਾ

**ਆਪਣੇ ਘਰ ਦੀ ਸੰਭਾਲ ਕਰਨਾ:**

» ਹਾਊਸਕੀਪਿੰਗ ਜਿਵੇਂ ਧੋਣਾ, ਵੈਕਿਊਮ ਕਰਨਾ, ਡਸਟਿੰਗ ਅਤੇ ਸਫਾਈ ਕਰਨਾ

» ਕੱਪੜੇ ਧੋਣਾ

» ਨਿੱਜੀ ਵਿੱਤ ਦਾ ਪ੍ਰਬੰਧ ਕਰਨਾ

**ਬਾਹਰ ਆਉਣਾ ਜਾਣਾ:**

» ਪਬਲਿਕ ਜਾਂ ਨਿੱਜੀ ਆਵਾਜਾਈ ਦੀ ਵਰਤੋਂ ਕਰਨਾ

» ਭੋਜਨ, ਘਰੇਲੂ ਸਮਾਨ ਅਤੇ ਹੋਰ ਲੋੜੀਂਦੀਆਂ ਚੀਜ਼ਾਂ ਦੀ ਖ਼੍ਰੀਦਦਾਰੀ ਕਰਨਾ

» ਆਪਣੇ ਘਰ ਅਤੇ ਆਂਢ-ਗੁਆਂਢ ਵਿੱਚ ਸਹੂਲਤਾਂ ਦੀ ਵਰਤੋਂ ਕਰਨਾ, ਜਿਵੇਂ ਕਿ ਟੈਲੀਫੋਨ, ਟੈਲੀਵਿਜ਼ਨ ਅਤੇ ਸਥਾਨਕ ਲਾਇਬ੍ਰੇਰੀ ਦੀ ਵਰਤੋਂ ਕਰਨਾ

## ਨਿੱਜੀ ਦੇਖਭਾਲ ਸਹਾਇਤਾ ਦੇ ਕਲੇਮਾਂ ਲਈ ਉਪਯੋਗੀ ਸੁਝਾਅ

ਤੁਸੀਂ ਨਿੱਜੀ ਦੇਖਭਾਲ ਸਹਾਇਤਾ ਲਈ ਆਪਣੇ ਕਲੇਮ ਵਿਚ ਇਹ ਯਕੀਨੀ ਬਣਾ ਕੇ ਸਾਡੀ ਮਦਦ ਕਰ ਸਕਦੇ ਹੋ ਕਿ ਤੁਹਾਡੇ ਦੁਆਰਾ ਭੇਜੇ ਗਏ ਸਾਰੇ ਦਸਤਾਵੇਜ਼ਾਂ ਅਤੇ ਰਸੀਦਾਂ ਦੀਆਂ ਕਾਪੀਆਂ ਪੂਰੀਆਂ ਹਨ, ਉਨ੍ਹਾਂ ਵਿੱਚ ਤੁਹਾਡੀਆਂ ਸੇਵਾਵਾਂ ਅਤੇ ਦੇਖਭਾਲ ਪ੍ਰਦਾਨ ਕਰਨ ਵਾਲਿਆਂ ਦੀ ਸਹੀ ਜਾਣਕਾਰੀ ਹੈ।

ਤੁਸੀਂ ਆਪਣੀਆਂ ਰਸੀਦਾਂ icbc.com/claims 'ਤੇ ਆਨਲਾਈਨ ਜਮਾਂ ਕਰ ਸਕਦੇ ਹੋ।

**ਕਿਰਪਾ ਕਰਕੇ ਨੋਟ ਕਰੋ:**

ਜੇ ਜ਼ਰੂਰੀ ਹੋਏ ਤਾਂ ਅਸੀਂ ਤੁਹਾਡੀ ਸਹਾਇਤਾ ਕਰਨ ਵਾਲੇ ਵਿਅਕਤੀ ਜਾਂ ਕੰਪਨੀ ਨੂੰ ਸਿੱਧੇ ਤੌਰ 'ਤੇ ਵੀ ਭੁਗਤਾਨ ਕਰ ਸਕਦੇ ਹਾਂ।

# ਸੈਕਸ਼ਨ 05

## ਪੱਕੀ ਇਮਪੇਅਰਮੈਂਟ (ਸਰੀਰ ਦੇ ਕਿਸੇ ਅੰਗ ਜਾਂ ਕਾਰਜ ਕਰਨ ਦੀ ਸਮਰੱਥਾ ਨੂੰ ਹੋਇਆ ਪੱਕਾ ਨੁਕਸਾਨ)

### ਤੁਹਾਡੀ ਕਵਰੇਜ

ਜੇ ਟੱਕਰ ਵਿੱਚ ਲੱਗੀਆਂ ਸੱਟਾਂ ਕਾਰਨ ਤੁਹਾਡੇ ਵਿੱਚ ਪੱਕੀ ਇਮਪੇਅਰਮੈਂਟ ਹੋ ਜਾਂਦੀ ਹੈ ਭਾਵ ਤੁਹਾਡੇ ਸਰੀਰ ਦੇ ਕਿਸੇ ਅੰਗ ਜਾਂ ਕਾਰਜ ਦਾ ਪੱਕਾ ਨੁਕਸਾਨ ਹੋ ਜਾਂਦਾ ਹੈ, ਜਿਵੇਂ ਸਰੀਰ ‘ਤੇ ਦਾਗ ਪੈਣੇ ਜਾਂ ਸਰੀਰ ਵਿੱਚ ਬੱਜ ਪੈਣੇ, ਤਾਂ ਤੁਹਾਨੂੰ ਇੱਕਮੁਸ਼ਤ ਰਾਸ਼ੀ ਮਿਲੇਗੀ।

ਭੁਗਤਾਨ ਯੋਗ ਰਕਮ ਦਾ ਹਿਸਾਬ ਉਸ ਪ੍ਰਤੀਸ਼ਤ ਦੇ ਤੌਰ ’ਤੇ ਕੀਤਾ ਜਾਂਦਾ ਹੈ ਜੋ ਤੁਹਾਡੀ ਇਮਪੇਅਰਮੈਂਟ (ਸਰੀਰ ਦੇ ਕਿਸੇ ਅੰਗ ਜਾਂ ਕਾਰਜ ਕਰਨ ਦੀ ਸਮਰੱਥਾ ਨੂੰ ਹੋਏ ਪੱਕੇ ਨੁਕਸਾਨ) ਨਾਲ ਜੁੜਿਆ ਹੈ।

# ਸੈਕਸ਼ਨ 05

## ਪੱਕੀ ਇਮਪੇਅਰਮੈਂਟ (ਸਰੀਰ ਦੇ ਕਿਸੇ ਅੰਗ ਜਾਂ ਕਾਰਜ ਕਰਨ ਦੀ ਸਮਰੱਥਾ ਨੂੰ ਹੋਇਆ ਪੱਕਾ ਨੁਕਸਾਨ)

### ਮੁੱਖ ਨੁਕਤੇ

- ਤੁਹਾਡੇ ਸਰੀਰ ਦੇ ਕਿਸੇ ਕਿਸੇ ਅੰਗ ਜਾਂ ਕਾਰਜ ਕਰਨ ਦੀ ਸਮਰੱਥਾ ਨੂੰ ਹੋਏ ਪੱਕੇ ਨੁਕਸਾਨ ਨੂੰ ਇਮਪੇਅਰਮੈਂਟ ਵਜੋਂ ਪਰਿਭਾਸ਼ਤ ਕੀਤਾ ਜਾਂਦਾ ਹੈ। ਇਮਪੇਅਰਮੈਂਟ (ਕਿਸੇ ਅੰਗ ਜਾਂ ਕਾਰਜ ਕਰਨ ਦੀ ਸਮਰੱਥਾ ਨੂੰ ਹੋਏ ਨੁਕਸਾਨ) ਦੀਆਂ ਉਦਾਹਰਣਾਂ ਵਿੱਚ ਸਰੀਰ ‘ਤੇ ਦਾਗ ਪੈਣੈ, ਚੱਲਣ ਫਿਰਨ ਵਿੱਚ ਕਮੀ ਜਾਂ ਕਿਸੇ ਅੰਗ ਦਾ ਕੱਟਿਆ ਜਾਣਾ ਸ਼ਾਮਲ ਹਨ।

- ਇਮਪੇਅਰਮੈਂਟ (ਕਿਸੇ ਅੰਗ ਜਾਂ ਕਾਰਜ ਕਰਨ ਦੀ ਸਮਰੱਥਾ ਨੂੰ ਹੋਏ ਨੁਕਸਾਨ) ਦੀ ਪ੍ਰਤੀਸ਼ਤਤਾ ਦੀ ਪੱਧਰ ਦਿਖਾਉਣ ਲਈ ਹਰ ਕਿਸਮ ਦੀ ਇਮਪੇਅਰਮੈਂਟ (ਕਿਸੇ ਅੰਗ ਜਾਂ ਕਾਰਜ ਕਰਨ ਦੀ ਸਮਰੱਥਾ ਨੂੰ ਹੋਏ ਹਰ ਤਰ੍ਹਾਂ ਦੇ ਨੁਕਸਾਨ) ਦੀ ਪ੍ਰਤੀਸ਼ਤਤਾ ਮੁੱਕਰਰ ਕੀਤੀ ਜਾਂਦੀ ਹੈ। ਸਭ ਤੋਂ ਗੰਭੀਰ ਅਤੇ ਸਭ ਤੋਂ ਵੱਧ ਅਯੋਗਤਾ ਪੈਦਾ ਕਰਨ ਵਾਲੀਆਂ ਇਮਪੇਅਰਮੈਂਟਾਂ (ਕਿਸੇ ਅੰਗ ਜਾਂ ਕਾਰਜ ਕਰਨ ਦੀ ਸਮਰੱਥਾ ਨੂੰ ਹੋਏ ਸਭ ਤੋਂ ਗੰਭੀਰ ਅਤੇ ਸਭ ਤੋਂ ਵੱਧ ਅਯੋਗਤਾ ਕਰਨ ਵਾਲੇ ਨੁਕਸਾਨਾਂ) ਨੂੰ ਸਭ ਤੋਂ ਵੱਧ ਪ੍ਰਤੀਸ਼ਤਤਾ ਦਿੱਤੀ ਜਾਂਦੀ ਹੈ।

- ਪੱਕੀ ਇਮਪੇਅਰਮੈਂਟ (ਸਰੀਰ ਦੇ ਕਿਸੇ ਅੰਗ ਜਾਂ ਕਾਰਜ ਕਰਨ ਦੀ ਸਮਰੱਥਾ ਨੂੰ ਹੋਏ ਪੱਕੇ ਨੁਕਸਾਨ) ਦੀ ਇੱਕਮੁਸ਼ਤ ਰਕਮ ਤੁਹਾਡੇ ਲੱਗੀ ਸੱਟ ਦੀ ਕਿਸਮ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ:

  » ਕੁਆਡਰਾਪਲੀਜੀਆ (ਸਰੀਰ ਦੇ ਗਰਦਨ ਤੋਂ ਹੇਠਲੇ ਸਾਰੇ ਹਿੱਸੇ ਦਾ ਅਧਰੰਗ), ਪੈਰਾਪਲੀਜੀਆ (ਸਰੀਰ ਦੇ ਧੜ ਤੋਂ ਹੇਠਲੇ ਹਿੱਸੇ ਦਾ ਅਧਰੰਗ), ਦਿਮਾਗ ਦੀ ਗੰਭੀਰ ਸੱਟ ਜਾਂ ਨਜ਼ਰ ਦੇ ਨੁਕਸਾਨ ਵਰਗੀ ਗੰਭੀਰ ਸੱਟ ਲਈ ਇਹ ਰਕਮ $299,670 ਹੈ।

  » ਕਿਸੇ ਗੈਰ-ਗੰਭੀਰ ਸੱਟ ਲਈ ਘੱਟੋ ਘੱਟ ਭੁਗਤਾਨ $947 ਹੈ ਅਤੇ ਵੱਧ ਤੋਂ ਵੱਧ ਅਦਾਇਗੀ $189,782 ਹੈ।

  » ਗੰਭੀਰ ਸੱਟਾਂ ਨੂੰ ਪਰਮਾਨੈਂਟ ਇਮਪੇਅਰਮੈਂਟ ਰੈਗੂਲੇਸ਼ਨ ਵਿੱਚ ਪਰਿਭਾਸ਼ਤ ਕੀਤਾ ਗਿਆ ਹੈ। ਪਰਿਭਾਸ਼ਾ ‘ਤੇ ਪੂਰੀ ਉਤਰਨ ਵਾਲੀ ਕਿਸੇ ਇਕ ਸੱਟ ਜਾਂ ਇਕ ਤੋਂ ਵੱਧ ਸੱਟਾਂ ਦੇ ਜੁੱਟ ਨੂੰ ਵੱਧ ਤੋਂ ਵੱਧ ਰਕਮ ਮਿਲੇਗੀ।

# ਸੈਕਸ਼ਨ 05

## ਪੱਕੀ ਇਮਪੇਅਰਮੈਂਟ (ਸਰੀਰ ਦੇ ਕਿਸੇ ਅੰਗ ਜਾਂ ਕਾਰਜ ਕਰਨ ਦੀ ਸਮਰੱਥਾ ਨੂੰ ਹੋਇਆ ਪੱਕਾ ਨੁਕਸਾਨ)

### ਮੁੱਖ ਨੁਕਤੇ (ਜਾਰੀ)

- ਟੱਕਰ ਦੇ ਨਤੀਜੇ ਵਜੋਂ ਪੈਦਾ ਹੋਈ ਇਮਪੇਅਰਮੈਂਟ (ਸਰੀਰ ਦੇ ਕਿਸੇ ਅੰਗ ਜਾਂ ਕਾਰਜ ਕਰਨ ਦੀ ਸਮਰੱਥਾ ਨੂੰ ਹੋਏ ਨੁਕਸਾਨ) ਦੀ ਕਿਸਮ ਅਤੇ ਦਰਜਾ (ਡਿਗਰੀ) ਨਿਰਧਾਰਤ ਕਰਨ ਲਈ ਤੁਹਾਡਾ ਸਹਾਇਤਾ ਅਤੇ ਰਿਕਵਰੀ ਮਾਹਰ ਤੁਹਾਨੂੰ ਸਿਹਤ ਸੰਭਾਲ ਦੇਣ ਵਾਲੇ ਤੋਂ ਜਾਣਕਾਰੀ ਦੀ ਮੰਗ ਕਰੇਗਾ। ਫਿਰ ਤੁਹਾਡੀ ਇਮਪੇਅਰਮੈਂਟ ਦਾ ਪ੍ਰਤੀਸ਼ਤ ਮੁੱਲ ਨਿਰਧਾਰਤ ਕੀਤਾ ਜਾਵੇਗਾ। ਇਹ ਪ੍ਰਤੀਸ਼ਤਤਾ ਟੱਕਰ ਦੇ ਸਮੇਂ ਭੁਗਤਾਨ ਯੋਗ ਵੱਧ ਤੋਂ ਵੱਧ ਰਕਮ ਦਾ ਤੁਹਾਡਾ ਹਿੱਸਾ ਹੈ। ਉਦਾਹਰਨ ਲਈ 50 ਪ੍ਰਤੀਸ਼ਤਤਾ ਦੀ ਇਕ ਇਮਪੇਅਰਮੈਂਟ ਵਾਲੇ ਵਿਅਕਤੀ ਨੂੰ ਵੱਧ ਤੋਂ ਵੱਧ ਰਕਮ ਦਾ ਅੱਧਾ ਹਿੱਸਾ ਮਿਲੇਗਾ: $189,782 ਟਦਾ 50 ਪ੍ਰਤੀਸ਼ਤ।
- ਪੱਕੀ ਇਮਪੇਅਰਮੈਂਟ ਲਈ ਭੁਗਤਾਨ ਇਹਨਾਂ ਚੀਜ਼ਾਂ ਤੋਂ ਬਾਅਦ ਕੀਤਾ ਜਾਂਦਾ ਹੈ:
  - » ਤੁਹਾਡਾ ਇਲਾਜ ਪੂਰਾ ਹੋ ਗਿਆ ਹੈ।
  - » ਸੱਟ ਜਿੰਨੀ ਠੀਕ ਹੋ ਸਕਦੀ ਸੀ, ਉਨੀ ਠੀਕ ਹੋ ਗਈ ਹੈ।
  - » ਇਮਪੇਅਰਮੈਂਟ ਦੀ ਹੱਦ ਦਾ ਸਹੀ ਢੰਗ ਨਾਲ ਮੁਲਾਂਕਣ ਕੀਤਾ ਜਾ ਸਕਦਾ ਹੈ।
- ਤੁਹਾਡੇ ਲਾਭ ਦੇ ਭੁਗਤਾਨ ਦਾ ਸਮਾਂ ਤੁਹਾਡੀ ਸੱਟ ਅਤੇ ਰਿਕਵਰੀ ਸਮੇਂ 'ਤੇ ਨਿਰਭਰ ਕਰਦਾ ਹੈ। ਤੁਹਾਡਾ ਸਹਾਇਤਾ ਅਤੇ ਰਿਕਵਰੀ ਮਾਹਰ ਤੁਹਾਡੀ ਖਾਸ ਸਥਿਤੀ ਬਾਰੇ ਤੁਹਾਨੂੰ ਸਲਾਹ ਦੇ ਸਕਦਾ ਹੈ।

## ਇੱਕ ਤੋਂ ਵੱਧ ਇਮਪੇਅਰਮੈਂਟਾਂ ਅਤੇ ਪਹਿਲਾਂ ਤੋਂ ਮੌਜੂਦ ਇਮਪੇਅਰਮੈਂਟ

ਜੇ ਤੁਸੀਂ ਟੱਕਰ ਵਿੱਚ ਲੱਗੀਆਂ ਸੱਟਾਂ ਦੇ ਨਤੀਜੇ ਵਜੋਂ ਇੱਕ ਤੋਂ ਵੱਧ ਇਮਪੇਅਰਮੈਂਟਾਂ ਦਾ ਸਾਹਮਣਾ ਕਰਦੇ ਹੋ ਤਾਂ ਅਸੀਂ ਤੁਹਾਡੇ ਲਾਭ ਦੀ ਮਾਤਰਾ ਨੂੰ ਸਥਾਪਿਤ ਕਰਨ ਲਈ ਵੱਖ ਵੱਖ ਇਮਪੇਅਰਮੈਂਟਾਂ ਦੀ ਪ੍ਰਤੀਸ਼ਤਤਾ ਨੂੰ ਜੋੜ ਲਵਾਂਗੇ। ਫਿਰ ਵੀ ਤੁਹਾਡੀ ਸਥਿਤੀ ਦੇ ਮੁਤਾਬਿਕ ਇਹ ਸਿਰਫ ਪ੍ਰਤੀਸ਼ਤ ਜੋੜਨ ਨਾਲੋਂ ਵਧੇਰੇ ਗੁੰਝਲਦਾਰ ਹੋ ਸਕਦਾ ਹੈ।

ਜੇ ਟੱਕਰ ਹੋਣ ਤੋਂ ਪਹਿਲਾਂ ਤੁਹਾਨੂੰ ਕੋਈ ਇਮਪੇਅਰਮੈਂਟ ਸੀ ਤਾਂ ਟੱਕਰ ਨਾਲ ਸੰਬੰਧਿਤ ਇਮਪੇਅਰਮੈਂਟ ਤੁਹਾਡੇ ਲਈ ਜ਼ਿਆਦਾ ਗੰਭੀਰ ਹੋ ਸਕਦੀ ਹੈ। ਤੁਹਾਡੀ ਪਹਿਲਾਂ ਤੋਂ ਮੌਜੂਦ ਸਥਿਤੀ ਦੇ ਆਧਾਰ ‘ਤੇ ਜਦੋਂ ਅਸੀਂ ਤੁਹਾਡੀ ਪੱਕੀ ਇਮਪੇਅਰਮੈਂਟ ਦੇ ਭੁਗਤਾਨ ਦਾ ਹਿਸਾਬ ਲਾਵਾਂਗੇ, ਤਾਂ ਅਸੀਂ ਇਸ ’ਤੇ ਵਿਚਾਰ ਕਰਾਂਗੇ।

ਜੇ ਤੁਹਾਡੇ ਸਰੀਰ ਦੇ ਸਮਰੂਪੀ (ਸਿਮੀਟਰੀਕਲ) ਅੰਗਾਂ ਵਿੱਚੋਂ ਕੋਈ ਦੋ ਸਮਰੂਪੀ ਅੰਗ ਇਮਪੇਅਰਮੈਂਟ ਦਾ ਸ਼ਿਕਾਰ ਹੋ ਜਾਂਦੇ ਹਨ ਤਾਂ ਤੁਸੀਂ ਇੱਕ ਇਨਹਾਂਸਮੈਂਟ ਹਿੱਸੇ ਦੇ ਯੋਗ ਹੋ ਸਕਦੇ ਹੋ।

**ਕਿਰਪਾ ਕਰਕੇ ਨੋਟ ਕਰੋ:**

**ਪਹਿਲਾਂ ਤੋਂ ਮੌਜੂਦ ਹਾਲਤਾਂ ਵਿੱਚ ਉਹ ਕੁਝ ਸ਼ਾਮਲ ਨਹੀਂ ਹੁੰਦਾ ਜੋ:**

- ਕਿਸੇ ਅੰਦਰੂਨੀ ਅੰਗ ਨੂੰ ਪ੍ਰਭਾਵਿਤ ਕਰਦਾ ਹੈ।
- ਨਜ਼ਰ, ਸੰਤੁਲਨ ਜਾਂ ਸੁਣਨ ਨੂੰ ਕੰਟਰੋਲ ਕਰਨ ਵਾਲੇ ਕਿਸੇ ਅੰਗ ਨੂੰ ਪ੍ਰਭਾਵਿਤ ਕਰਦਾ ਹੈ।
- ਦੰਦਾਂ ਨੂੰ ਪ੍ਰਭਾਵਿਤ ਕਰਦਾ ਹੈ।
- ਸੈਂਟਰਲ ਨਰਵਸ ਸਿਸਟਮ (ਨਸ ਪ੍ਰਬੰਧ) ਨੂੰ ਦੀ ਸੱਟ ਲੱਗਣ ਦੇ ਨਤੀਜੇ ਵਜੋਂ ਹੈ।

## ਆਪਣੀ ਪੱਕੀ ਇਮਪੇਅਰਮੈਂਟ ਲਈ ਭੁਗਤਾਨ ਪ੍ਰਾਪਤ ਕਰਨਾ

ਜ਼ਿਆਦਾਤਰ ਮਾਮਲਿਆਂ ਵਿੱਚ ਤੁਹਾਡੀਆਂ ਸੱਟਾਂ ਦੇ ਠੀਕ ਹੋਣ ਤੱਕ ਇੰਤਜ਼ਾਰ ਕਰਨ ਦੀ ਜ਼ਰੂਰਤ ਹੋਏਗੀ, ਤਾਂ ਜੋ ਤੁਹਾਡਾ ਸਿਹਤ ਦੇਖਭਾਲ ਕਰਨ ਵਾਲਾ ਪੱਕੀ ਇਮਪੇਅਰਮੈਂਟ ਦੀ ਹੱਦ ਦਾ ਪਤਾ ਲਗਾ ਸਕੇ। ਤੁਹਾਡੀ ਸੱਟ 'ਤੇ ਨਿਰਭਰ ਕਰਦਿਆਂ ਇਮਪੇਅਰਮੈਂਟ ਦੀ ਪੂਰੀ ਹੱਦ ਅਤੇ ਉਸ ਦੇ ਨਤੀਜੇ ਵੱਜੋਂ ਤੁਹਾਡੀ ਪੱਕੀ ਇਮਪੇਅਰਮੈਂਟ ਦੇ ਭੁਗਤਾਨ ਦੀ ਰਕਮ ਸਥਾਪਤ ਕਰਨ ਵਿੱਚ ਇਕ ਸਾਲ ਜਾਂ ਇਸ ਤੋਂ ਵੱਧ ਸਮਾਂ ਲੱਗ ਸਕਦਾ ਹੈ।

## ਪੱਕੀ ਇਮਪੇਅਰਮੈਂਟ ਦੇ ਕਲੇਮਾਂ ਲਈ ਉਪਯੋਗੀ ਸੁਝਾਅ

ਜੇ ਤੁਹਾਡੀ ਡਾਕਟਰੀ ਜਾਣਕਾਰੀ ਇਹ ਪੁਸ਼ਟੀ ਕਰਦੀ ਹੈ ਕਿ ਟੱਕਰ ਵਿੱਚ ਲੱਗੀਆਂ ਸੱਟਾਂ ਦੇ ਨਤੀਜੇ ਵਜੋਂ ਤੁਹਾਨੂੰ ਪੱਕੀ ਇਮਪੇਅਰਮੈਂਟ ਹੈ, ਕਿਰਪਾ ਕਰਕੇ ਆਪਣੇ ਸਹਾਇਤਾ ਅਤੇ ਰਿਕਵਰੀ ਮਾਹਰ ਨਾਲ ਸੰਪਰਕ ਕਰੋ, ਜੋ ਤੁਹਾਨੂੰ ਦੱਸੇਗਾ ਕਿ ਤੁਹਾਡੇ ਕਲੇਮ ’ਤੇ ਕਾਰਵਾਈ ਕਰਨ ਲਈ ਆਈ ਸੀ ਬੀ ਸੀ ਨੂੰ ਕਿਹੜੇ ਦਸਤਾਵੇਜ਼ਾਂ ਦੀ ਜ਼ਰੂਰਤ ਹੈ।

ਤੁਹਾਡਾ ਸਹਾਇਤਾ ਅਤੇ ਰਿਕਵਰੀ ਮਾਹਰ ਆਮ ਤੌਰ 'ਤੇ ਤੁਹਾਡੇ ਸਿਹਤ ਦੇਖਭਾਲ ਪ੍ਰਦਾਨ ਕਰਨ ਵਾਲੇ ਤੋਂ ਸਿੱਧੇ ਤੌਰ 'ਤੇ ਜਾਣਕਾਰੀ ਲਈ ਬੇਨਤੀ ਕਰੇਗਾ ਤਾਂ ਜੋ ਉਹ ਪੱਕੀ ਇਮਪੇਅਰਮੈਂਟ ਦੀ ਢੁਕਵੀਂ ਰਕਮ ਦਾ ਮੁਲਾਂਕਣ ਕਰ ਸਕੇ।

# ਸੈਕਸ਼ਨ 06

## ਮੁੜ-ਵਸੇਬਾ

### ਤੁਹਾਡੀ ਕਵਰੇਜ

ਇਨਹਾਂਸਡ ਐਕਸੀਡੈਂਟ ਲਾਭ ਟੱਕਰ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਤੁਹਾਨੂੰ ਆਮ ਗਤੀਵਿਧੀਆਂ ਵਿੱਚ ਵਾਪਸ ਆਉਣ ਵਿੱਚ ਸਹਾਇਤਾ ਕਰਨ ਬਾਰੇ ਹਨ। ਪਰ ਜੇ ਤੁਹਾਡੀਆਂ ਸੱਟਾਂ ਬਹੁਤ ਗੰਭੀਰ ਹਨ, ਤਾਂ ਅਸੀਂ ਹੋਰ ਚੋਣਾਂ ਲੱਭਣ ਵਿੱਚ ਤੁਹਾਡੀ ਮਦਦ ਕਰਾਂਗੇ।

### ਮੁੱਖ ਨੁਕਤੇ

- ਹਰ ਕਿਸੇ ਦੀ ਸਥਿਤੀ ਵੱਖਰੀ ਹੁੰਦੀ ਹੈ। ਪਰ ਸਾਡਾ ਟੀਚਾ ਹੈ ਕਿ ਜਿੰਨਾ ਸੰਭਵ ਹੋ ਸਕੇ ਤੁਹਾਡੀ ਟੱਕਰ ਤੋਂ ਪਹਿਲਾਂ ਵਰਗੀਆਂ ਗਤੀਵਿਧੀਆਂ ਨੂੰ ਦੁਬਾਰਾ ਸ਼ੁਰੂ ਕਰਨ ਵਿੱਚ ਸਹਾਇਤਾ ਕੀਤੀ ਜਾਵੇ। ਤੁਹਾਡੀ ਰਿਕਵਰੀ ਅਤੇ ਆਰਥਿਕ ਤੰਗੀ ਨੂੰ ਪੂਰਾ ਕਰਨ ਵਿੱਚ ਸਹਾਇਤਾ ਲਈ ਅਸੀਂ ਇਲਾਜ ਦੇ ਖਰਚਿਆਂ ਅਤੇ ਕਈ ਤਰ੍ਹਾਂ ਦੇ ਆਰਥਿਕ ਨੁਕਸਾਨਾਂ ਦੀ ਅਦਾਇਗੀ ਪ੍ਰਦਾਨ ਕਰਦੇ ਹਾਂ। ਭੁਗਤਾਨ ਦੀ ਰਕਮ ਅਤੇ ਕਿਸਮ ਤੁਹਾਡੀ ਵਿਲੱਖਣ ਸਥਿਤੀ 'ਤੇ ਨਿਰਭਰ ਕਰੇਗੀ।
- ਮੁੜ-ਵਸੇਬਾ ਕਵਰੇਜ ਵਿੱਚ ਸ਼ਾਮਲ ਹਨ, ਜਿੱਥੇ ਯੋਗ ਹੈ:
  - » ਟੱਕਰ ਹੋਣ ਤੋਂ ਪਹਿਲਾਂ ਜਿਹੜੀ ਨੌਕਰੀ ਤੁਹਾਡੇ ਕੋਲ ਸੀ, ਉਸ ਨੌਕਰੀ 'ਤੇ ਵਾਪਸ ਆਉਣ ਵਿੱਚ ਮਦਦ ਜਾਂ ਨਵੇਂ ਕੈਰੀਅਰ ਲਈ ਟਰੇਨਿੰਗ।
  - » ਤੁਹਾਡੇ ਘਰ ਜਾਂ ਵਾਹਨ (ਵਾਹਨਾਂ) ਵਿੱਚ ਕਿਸੇ ਵੀ ਤਰ੍ਹਾਂ ਦੀ ਲੋੜੀਂਦੀ ਤਬਦੀਲੀ।
  - » ਆਈ ਸੀ ਬੀ ਸੀ ਕੋਲ ਤੁਹਾਡੇ ਮੁੜ ਵਸੇਬੇ ਨੂੰ ਉਤਸ਼ਾਹਿਤ ਕਰਨ ਲਈ ਲੋੜੀਂਦੀ ਜਾਂ ਸਲਾਹ ਦਿੱਤੀ ਕਿਸੇ ਵੀ ਚੀਜ਼ ਨੂੰ ਕਵਰ ਕਰਨ ਦਾ ਹੱਕ ਹੈ, ਬਸ਼ਰਤੇ ਇਸ 'ਤੇ ਕਿਸੇ ਨਿਯਮ ਦੁਆਰਾ ਰੋਕ ਨਾ ਲਾਈ ਗਈ ਹੋਵੇ।
- ਤੁਹਾਡੀ ਡਾਕਟਰੀ ਅਤੇ ਮੁੜ ਵਸੇਬਾ ਸਹਾਇਤਾ ਟੀਮ ਤੁਹਾਡੇ ਇਲਾਜ ਅਤੇ ਤੁਹਾਡੀ ਸਥਿਤੀ ਲਈ ਇੱਕ ਸਹੀ ਯੋਜਨਾ ਨਿਰਧਾਰਤ ਕਰਨ ਵਿੱਚ ਵੀ ਸਹਾਇਤਾ ਕਰੇਗੀ।

# ਤੁਹਾਡੀ ਰਿਕਵਰੀ ਯੋਜਨਾ

ਜੇ ਤੁਹਾਨੂੰ ਟੱਕਰ ਵਿਚ ਸੱਟਾਂ ਲੱਗੀਆਂ ਹਨ, ਤਾਂ ਅਸੀਂ ਤੁਹਾਡੀ ਜ਼ਿੰਦਗੀ ਨੂੰ ਮੁੜ ਲੀਹ 'ਤੇ ਲਿਆਉਣ ਵਿੱਚ ਤੁਹਾਡੀ ਮਦਦ ਕਰਨਾ ਚਾਹੁੰਦੇ ਹਾਂ, ਜਿਵੇਂ ਉਹ ਟੱਕਰ ਤੋਂ ਪਹਿਲਾਂ ਸੀ।

ਇਸ ਸਭ ਦੀ ਕੁੰਜੀ ਤੁਹਾਡੀ ਰਿਕਵਰੀ ਯੋਜਨਾ ਹੈ। ਤੁਹਾਡੀ ਡਾਕਟਰੀ ਅਤੇ ਮੁੜ ਵਸੇਬਾ ਟੀਮ ਤੁਹਾਡੇ ਇਲਾਜ ਲਈ ਇੱਕ ਸਹੀ ਯੋਜਨਾ ਨਿਰਧਾਰਤ ਕਰਨ ਲਈ ਤੁਹਾਡੇ ਨਾਲ ਕੰਮ ਕਰੇਗੀ। ਇਹ ਟੀਚਿਆਂ ਅਤੇ ਤੁਹਾਡੇ ਇਲਾਜ ਲਈ ਯੋਗ ਸਮੇਂ ਨੂੰ ਤਹਿ ਕਰੇਗੀ। ਇਸ ਵਿੱਚ ਯੋਜਨਾ ਦੇ ਮੁੜ ਮੁਲਾਂਕਣ ਲਈ ਮੀਲ ਪੱਥਰ ਅਤੇ ਸਮਾਂ ਸੂਚੀ ਵੀ ਸ਼ਾਮਲ ਹੋ ਸਕਦੀ ਹੈ।

ਰਿਕਵਰੀ ਯੋਜਨਾ ਤੁਹਾਡੀ ਅਤੇ ਤੁਹਾਡੀ ਸਥਿਤੀ ਲਈ ਨਿੱਜੀ ਹੈ। ਇਹ ਉਹਨਾਂ ਖਰਚਿਆਂ ਦੀ ਪਛਾਣ ਵੀ ਕਰ ਸਕਦੀ ਹੈ, ਜਿਹੜੇ ਇਨ੍ਹਾਂ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਤੁਹਾਡੀ ਸਹਾਇਤਾ ਕਰ ਸਕਦੇ ਹਨ। ਯੋਜਨਾ ਪ੍ਰਤੀ ਤੁਹਾਡੀ ਵਚਨਬੱਧਤਾ ਅਤੇ ਇਸ ਦਾ ਪਾਲਣ ਕਰਨ ਲਈ ਤੁਹਾਡੀਆਂ ਚੱਲ ਰਹੀਆਂ ਕੋਸ਼ਿਸ਼ਾਂ ਤੁਹਾਡੀ ਰਿਕਵਰੀ ਲਈ ਮਹੱਤਵਪੂਰਨ ਹੋਣਗੀਆਂ।

# ਮੈਂ ਕਿਸ ਕਿਸਮ ਦੀ ਰਿਕਵਰੀ ਸਹਾਇਤਾ ਦੀ ਉਮੀਦ ਕਰ ਸਕਦਾ ਹਾਂ?

ਤੁਹਾਡੀ ਡਾਕਟਰੀ ਅਤੇ ਮੁੜ ਵਸੇਬਾ ਟੀਮ ਦੀ ਬਣਤਰ ਟੱਕਰ ਵਿੱਚ ਤੁਹਾਨੂੰ ਲੱਗੀਆਂ ਸੱਟਾਂ ਅਤੇ ਤੁਹਾਡੇ ਇਲਾਜ 'ਤੇ ਨਿਰਭਰ ਕਰੇਗੀ।

**ਆਮ ਤੌਰ 'ਤੇ ਇੱਕ ਸਹਾਇਤਾ ਟੀਮ ਵਿੱਚ ਸ਼ਾਮਲ ਹੋ ਸਕਦੇ ਹਨ:**

» ਸਿਹਤ ਦੇਖਭਾਲ ਕਰਨ ਵਾਲੇ ਪ੍ਰੈਕਟੀਸ਼ਨਰ ਜੋ ਤੁਹਾਡੇ ਨਾਲ ਨੇੜਿਓਂ ਕੰਮ ਕਰ ਰਹੇ ਹਨ, ਜਿਵੇਂ ਕਿ ਤੁਹਾਡਾ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ, ਕਾਇਰੋਪ੍ਰੈਕਟਰ, ਫਿਜ਼ੀਓਥੈਰੇਪਿਸਟ, ਕਿੱਤਾਮੁਖੀ ਥੈਰੇਪਿਸਟ ਅਤੇ ਮੁੜ ਵਸੇਬਾ ਸਲਾਹਕਾਰ।

» ਤੁਹਾਡਾ ਆਈ ਸੀ ਬੀ ਸੀ ਸਹਾਇਤਾ ਅਤੇ ਰਿਕਵਰੀ ਮਾਹਰ।

» ਆਈ ਸੀ ਬੀ ਸੀ ਦੀ ਟੀਮ ਦੇ ਹੋਰ ਵਿਸ਼ੇਸ਼ ਮੈਂਬਰ।

» ਤੁਹਾਡਾ ਪਰਿਵਾਰ ਅਤੇ ਮਿੱਤਰ।

» ਅਤੇ ਸਭ ਤੋਂ ਮਹਤੱਵਪੂਰਣ-ਤੁਸੀਂ!

ਤੁਸੀਂ ਆਪਣੀ ਸਹਾਇਤਾ ਟੀਮ ਵਿੱਚ ਸਭ ਤੋਂ ਮਹੱਤਵਪੂਰਣ ਵਿਅਕਤੀ ਹੋ। ਤੁਹਾਡੀ ਰਿਕਵਰੀ ਪ੍ਰਤੀ ਵਚਨਬੱਧਤਾ ਇਕ ਸਫਲ ਰਿਕਵਰੀ ਯੋਜਨਾ ਦਾ ਸਭ ਤੋਂ ਮਹੱਤਵਪੂਰਣ ਹਿੱਸਾ ਹੈ।

# ਕੀ ਮੈਨੂੰ ਕੰਮ 'ਤੇ ਵਾਪਸ ਜਾਣ ਵਿੱਚ ਸਹਾਇਤਾ ਮਿਲੇਗੀ?

ਜੇ ਤੁਹਾਨੂੰ ਕਿਸੇ ਟੱਕਰ ਵਿਚ ਸੱਟਾਂ ਲੱਗੀਆਂ ਹਨ ਤਾਂ ਆਪਣੀ ਸਿਹਤ ਨੂੰ ਬਿਹਤਰ ਕਰਨ ਦੇ ਨਾਲ-ਨਾਲ ਤੁਸੀਂ ਆਪਣੇ ਕੈਰੀਅਰ ਨੂੰ ਵਾਪਸ ਉਸ ਜਗ੍ਹਾ ਲੈ ਜਾਣਾ ਚਾਹੋਗੇ ਜਿੱਥੇ ਉਹ ਪਹਿਲਾਂ ਸੀ।

ਭਾਵੇਂ ਤੁਸੀਂ ਟੱਕਰ ਹੋਣ ਤੋਂ ਪਹਿਲਾਂ ਵਾਲੀ ਨੌਕਰੀ 'ਤੇ ਵਾਪਸ ਜਾਣਾ ਚਾਹੁੰਦੇ ਹੋਵੋ, ਪਰ ਇਹ ਹਮੇਸ਼ਾਂ ਸੰਭਵ ਨਹੀਂ ਹੁੰਦਾ। ਪਰ ਇਨਹਾਂਸਡ ਐਕਸੀਡੈਂਟ ਲਾਭ ਵੱਖਰੀਆਂ ਰੁਜ਼ਗਾਰ ਚੋਣਾਂ ਵਿੱਚ ਸਹਾਇਤਾ ਕਰਨ ਦੇ ਯੋਗ ਹੋ ਸਕਦੇ ਹਨ, ਅਤੇ ਜੇ ਜ਼ਰੂਰੀ ਹੋਏ ਤਾਂ ਤੁਹਾਨੂੰ ਰੈਜ਼ਮੇ, ਟਰੇਨਿੰਗ ਜਾਂ ਕਿੱਤਾਮੁਖੀ ਮੁੜ ਵਸੇਬੇ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਪ੍ਰਦਾਨ ਕਰ ਸਕਦੇ ਹਨ।

# ਤੁਹਾਡੇ ਘਰ ਵਿੱਚ ਪਰਿਵਰਤਨ

ਕਿਸੇ ਗੰਭੀਰ ਅਪਾਹਜਤਾ ਦੀ ਸਥਿਤੀ ਵਿੱਚ ਇਨਹਾਂਸਡ ਐਕਸੀਡੈਂਟ ਲਾਭ ਤੁਹਾਡੇ ਘਰ ਲਈ ਕੁਝ ਤਬਦੀਲੀਆਂ ਦੀ ਕੀਮਤ ਅਦਾ ਕਰਨਗੇ ਤਾਂ ਜੋ ਤੁਸੀਂ ਆਪਣੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਸੁਤੰਤਰ ਤਰੀਕੇ ਨਾਲ ਪੂਰੀਆਂ ਕਰ ਸਕੋ। ਇਸ ਵਿੱਚ ਵਿਸ਼ੇਸ਼ ਬਾਥਰੂਮ ਫਿਕਸਚਰ ਜਾਂ ਵਧੇਰੇ ਆਸਾਨੀ ਨਾਲ ਪਹੁੰਚਯੋਗ ਰਸੋਈ ਕਾਊਂਟਰ ਸਥਾਪਿਤ ਕਰਨਾ ਸ਼ਾਮਲ ਹੋ ਸਕਦਾ ਹੈ ਅਤੇ ਜੇ ਤੁਹਾਡਾ ਮੌਜੂਦਾ ਘਰ ਤੁਹਾਡੀਆਂ ਜ਼ਰੂਰਤਾਂ ਲਈ ਢੁਕਵਾਂ ਨਾ ਰਹੇ ਤਾਂ ਸਥਾਨ ਤਬਦੀਲੀ ਲਾਗਤ ਵਿੱਚ ਸਹਾਇਤਾ ਮਿਲ ਸਕਦੀ ਹੈ।

# ਤੁਹਾਡੇ ਵਾਹਨ ਵਿੱਚ ਪਰਿਵਰਤਨ

ਜੇ ਟੱਕਰ ਦੌਰਾਨ ਤੁਹਾਨੂੰ ਲੱਗੀਆਂ ਸੱਟਾਂ ਪੱਕੀਆਂ ਹਨ ਤਾਂ ਕੁਝ ਮਾਮਲਿਆਂ ਵਿੱਚ ਇਨਹਾਂਸਡ ਐਕਸੀਡੈਂਟ ਲਾਭ ਤੁਹਾਡੇ ਇੱਕ ਜਾਂ ਵਧੇਰੇ ਵਾਹਨਾਂ ਨੂੰ ਬਦਲਣ ਦੀ ਕੀਮਤ ਨੂੰ ਪੂਰਾ ਕਰ ਸਕਦੇ ਹਨ ਤਾਂ ਜੋ ਤੁਸੀਂ ਵਾਹਨ ਚਲਾਉਣਾ ਜਾਰੀ ਰੱਖ ਸਕੋ।

ਅਤੇ ਜੇ ਤੁਸੀਂ ਵਾਹਨ ਚਲਾਉਣ ਦੇ ਯੋਗ ਨਾ ਹੋਵੋ, ਤਾਂ ਇਨਹਾਂਸਡ ਐਕਸੀਡੈਂਟ ਲਾਭ ਤੁਹਾਡੇ ਜਾਂ ਤੁਹਾਡੇ ਨਜ਼ਦੀਕੀ ਪਰਿਵਾਰ ਦੀ ਮਾਲਕੀ ਵਾਲੇ ਵਾਹਨਾਂ ਵਿਚ ਤਬਦੀਲੀਆਂ ਨੂੰ ਵੀ ਸ਼ਾਮਲ ਕਰ ਸਕਦੇ ਹਨ ਤਾਂ ਜੋ ਤੁਸੀਂ ਯਾਤਰੀ ਵਜੋਂ ਯਾਤਰਾ ਕਰ ਸਕੋ।

# ਸੈਕਸ਼ਨ 07

## ਘਾਤਕ ਸੱਟਾਂ

## ਤੁਹਾਡੀ ਕਵਰੇਜ

ਇਨਹਾਂਸਡ ਐਕਸੀਡੈਂਟ ਲਾਭ ਇਹ ਨਿਸ਼ਚਤ ਕਰਦੇ ਹਨ ਕਿ ਸਭ ਤੋਂ ਗੰਭੀਰ ਰੂਪ ਨਾਲ ਜ਼ਖਮੀ ਹੋਏ ਗਾਹਕਾਂ ਨੂੰ, ਜਿੰਨੀ ਦੇਰ ਤੱਕ ਉਨ੍ਹਾਂ ਨੂੰ ਲੋੜ ਹੁੰਦੀ ਹੈ, ਦੇਖਭਾਲ ਅਤੇ ਸਹਾਇਤਾ ਮਿਲਦੀ ਰਹੇ। ਜੇ ਤੁਹਾਡੀ ਸੱਟ ਨੇ ਤੁਹਾਡਾ ਜੀਵਨ ਬਦਲ ਦਿੱਤਾ ਹੈ ਤਾਂ ਇਨਹਾਂਸਡ ਕੇਅਰ ਤੁਹਾਡੀ ਦੇਖਭਾਲ ਅਤੇ ਰਿਕਵਰੀ ਲਾਭ ਦੇ ਨਾਲ ਵਧੇਰੇ ਸਹਾਇਤਾ ਦੀ ਪੇਸ਼ਕਸ਼ ਕਰਦੀ ਹੈ।

## ਮੁੱਖ ਨੁਕਤੇ

- ਇਨਹਾਂਸਡ ਐਕਸੀਡੈਂਟ ਲਾਭ, ਰਿਕਵਰੀ ਅਤੇ ਇਨਕਮ ਰਿਪਲੇਸਮੈਂਟ (ਆਮਦਨੀ ਬਦਲੇ ਮਿਲਣ ਵਾਲੇ) ਲਾਭਾਂ ਤੱਕ ਪਹੁੰਚਣ ਵਿੱਚ ਤੁਹਾਡੀ ਮਦਦ ਕਰਦੇ ਹਨ ਜਿੰਨਾ ਚਿਰ ਉਹਨਾਂ ਦੀ ਲੋੜ ਹੁੰਦੀ ਹੈ, ਇੱਥੋਂ ਤੱਕ ਕਿ ਤੁਹਾਡੇ ਪੂਰੇ ਜੀਵਨ ਕਾਲ ਵਿੱਚ
- ਜੇ ਤੁਸੀਂ ਗੰਭੀਰ ਰੂਪ ਵਿੱਚ ਜ਼ਖਮੀ ਹੋ, ਤਾਂ ਪੱਕੇ ਤੌਰ ‘ਤੇ ਇਮਪੇਅਰਮੈਂਟ ਲਈ $299,670 ਦੇ ਇੱਕਮੁਸ਼ਤ ਲਾਭ ਦੇ ਯੋਗ ਹੋ।
- ਤੁਹਾਡੇ ਨਿੱਜੀ ਦੇਖਭਾਲ ਸਹਾਇਤਾ ਲਾਭ ਹੇਠ ਲਿਖੀਆਂ ਰਕਮਾਂ ਲਈ ਤੁਹਾਨੂੰ ਕਵਰ ਕਰਦੇ ਹਨ:
  - » ਪ੍ਰਤੀ ਮਹੀਨਾ $11,333 ਤੱਕ ਜੇ ਤੁਹਾਨੂੰ 24/7 ਨਿਗਰਾਨੀ ਦੀ ਲੋੜ ਹੈ।
  - » ਪ੍ਰਤੀ ਮਹੀਨਾ $6,820 ਤੱਕ ਜੇ ਤੁਹਾਨੂੰ 24/7 ਨਿਗਰਾਨੀ ਦੀ ਲੋੜ ਨਹੀਂ ਹੈ।
- ਮਨੋਰੰਜਨ ਜਾਂ ਵਿਹਲ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਅਤੇ ਯਾਤਰਾ, ਰਿਹਾਇਸ਼ ਜਾਂ ਹੋਰ ਵਿਸ਼ੇਸ਼ ਸਥਿਤੀਆਂ ਲਈ ਅਸਾਧਾਰਣ ਖਰਚਿਆਂ ਨੂੰ ਕਵਰ ਕਰਨ ਲਈ ਹੋਰ ਲਾਭ ਉਪਲਬਧ ਹਨ।

ਜੇ ਤੁਸੀਂ ਟੱਕਰ ਦੇ ਨਤੀਜੇ ਵਜੋਂ ਕੁਆਡਰਾਪਲੀਜੀਆ (ਸਰੀਰ ਦੇ ਗਰਦਨ ਤੋਂ ਹੇਠਲੇ ਸਾਰੇ ਹਿੱਸੇ ਦਾ ਅਧਰੰਗ), ਪੈਰਾਪਲੀਜੀਆ (ਸਰੀਰ ਦੇ ਧੜ ਤੋਂ ਹੇਠਲੇ ਹਿੱਸੇ ਦਾ ਅਧਰੰਗ), ਦਿਮਾਗ ਦੀ ਗੰਭੀਰ ਸੱਟ, ਜਾਂ ਨਜ਼ਰ ਜਾਂ ਅੰਗਾਂ ਦੇ ਨੁਕਸਾਨ ਵਰਗੀ ਕਿਸੇ ਗੰਭੀਰ ਬੀਮਾਰੀ ਦਾ ਸਾਹਮਣਾ ਕਰਦੇ ਹੋ, ਤਾਂ ਤੁਹਾਡੇ ਕੇਸ ਦਾ ਪ੍ਰਬੰਧ ਆਈ ਸੀ ਬੀ ਸੀ ਦੇ ਐਡਵਾਂਸਡ ਸਪੋਰਟ ਅਤੇ ਰਿਕਵਰੀ ਮਾਹਰਾਂ ਦੁਆਰਾ ਕੀਤਾ ਜਾਵੇਗਾ।

ਉਹ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਮੁੱਖ ਸੰਪਰਕ ਹੋਣਗੇ ਅਤੇ ਤੁਹਾਡੇ ਲਈ ਉਪਲਬਧ ਇਲਾਜ, ਦੇਖਭਾਲ ਅਤੇ ਸਹਾਇਤਾ ਤੱਕ ਪਹੁੰਚਣ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਡੇ ਅਤੇ ਤੁਹਾਡੀ ਮੈਡੀਕਲ ਟੀਮ ਨਾਲ ਕੰਮ ਕਰਨਗੇ।

## ਯਾਤਰਾ ਅਤੇ ਰਿਹਾਇਸ਼

ਜੇ ਜ਼ਰੂਰੀ ਹੋਏ ਤਾਂ ਅਸੀਂ ਟੱਕਰ ਤੋਂ ਪਹਿਲਾਂ ਵਾਂਗ ਯਾਤਰਾ ਕਰਨ ਲਈ ਤੁਹਾਡੇ - ਤੁਹਾਡੇ ਇੱਕ ਸਾਥੀ ਜਾਂ ਸਹਾਇਕ ਲਈ ਯਾਤਰਾ ਅਤੇ ਰਿਹਾਇਸ਼ ਦੇ ਖਰਚਿਆਂ ਲਈ ਭੁਗਤਾਨ ਕਰਨ ਵਿੱਚ ਸਹਾਇਤਾ ਕਰਾਂਗੇ।

## ਖਾਸ ਸਥਿਤੀਆ ਵਿੱਚ ਅਦਾਇਗੀਆਂ

ਖਾਸ ਸਥਿਤੀਆਂ ਵਿੱਚ ਹੋਰ ਖਰਚਿਆਂ ਲਈ ਆਈ ਸੀ ਬੀ ਸੀ ਦੇ ਅਧਿਕਾਰ 'ਤੇ ਵਾਧੂ ਫੰਡ ਉਪਲਬਧ ਹੁੰਦੇ ਹਨ।

ਆਈ ਸੀ ਬੀ ਸੀ ਦੇ ਇਹ ਫੰਡ, ਜਿਨ੍ਹਾਂ ਲਈ ਸ਼ਾਇਦ ਤੁਸੀਂ ਉਂਝ ਯੋਗ ਨਾ ਹੋਵੇ, ਉਸ ਸਮੇਂ ਦੌਰਾਨ ਤੁਹਾਨੂੰ ਆਰਜ਼ੀ ਲਾਭ ਪ੍ਰਦਾਨ ਕਰਨ ਵਰਗੇ ਲਾਭ ਪ੍ਰਦਾਨ ਕਰਨ ਲਈ ਹਨ, ਜਦੋਂ ਤੁਸੀਂ ਕਿਸੇ ਹੋਰ ਸਰਕਾਰੀ ਪ੍ਰੋਗਰਾਮ ਜਾਂ ਬੀਮਾ ਕਰਤਾ ਤੋਂ ਫੰਡਾਂ ਦੀ ਉਡੀਕ ਕਰਦੇ ਹੋ।

ਆਈ ਸੀ ਬੀ ਸੀ ਇਹ ਨਿਰਧਾਰਤ ਕਰ ਸਕਦੀ ਹੈ ਕਿ ਕਿਸੇ ਖ਼ਰਚੇ ਦੀ ਕੀਮਤ ਅਦਾ ਕਰਨ ਨਾਲ ਨਾ ਸਿਰਫ ਦੇਖਭਾਲ ਅਤੇ ਰਿਕਵਰੀ ਵਿਚ ਮਹੱਤਵਪੂਰਣ ਸੁਧਾਰ ਹੋਏਗਾ, ਬਲਕਿ ਭਵਿੱਖ ਦੇ ਦੇਖਭਾਲ ਦੇ ਪ੍ਰਬੰਧ ਵਿੱਚ ਲੰਬੇ ਸਮੇਂ ਲਈ ਫਾਇਦੇਮੰਦ ਲਾਭ ਅਤੇ ਕੁੱਲ ਵਿੱਤੀ ਬਚਤ ਵੀ ਹੋਵੇਗੀ।

# ਸੈਕਸ਼ਨ 08

## ਵਿਵਾਦ ਅਤੇ ਪਾਬੰਦੀਆਂ

ਇਨਹਾਂਸਡ ਕੇਅਰ ਦੇ ਤਹਿਤ ਆਈ ਸੀ ਬੀ ਸੀ ਨੂੰ ਕਾਨੂੰਨੀ ਤੌਰ 'ਤੇ ਹਰ ਬ੍ਰਿਟਿਸ਼ ਕੋਲੰਬੀਆ ਵਾਸੀ ਦੀ ਉਨ੍ਹਾਂ ਦੇ ਕਲੇਮ ਲਈ ਸਲਾਹ ਅਤੇ ਸਹਾਇਤਾ ਦੇਣ ਦੀ ਜ਼ਰੂਰਤ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰੇਕ ਵਿਅਕਤੀ ਨੂੰ ਇਸ ਬਾਰੇ ਸੂਚਿਤ ਕੀਤਾ ਗਿਆ ਹੈ ਅਤੇ ਉਹ ਸਾਰੇ ਲਾਭ ਪ੍ਰਾਪਤ ਕਰਦਾ ਹੈ, ਜਿਹਨਾਂ ਦੇ ਉਹ ਯੋਗ ਹੈ।

ਫਿਰ ਵੀ ਕਈ ਮੌਕੇ ਆਉਂਦੇ ਹਨ, ਜਦੋਂ ਗਾਹਕ ਕਿਸੇ ਲਾਭ ਦੇ ਫੈਸਲੇ 'ਤੇ ਵਿਵਾਦ ਕਰਨਾ ਚਾਹੁੰਦੇ ਹਨ ਜਾਂ ਜਦੋਂ ਸਾਨੂੰ ਉਨ੍ਹਾਂ ਦੀ ਕਵਰੇਜ ਨੂੰ ਸੀਮਤ ਕਰਨ ਦੀ ਜ਼ਰੂਰਤ ਹੁੰਦੀ ਹੈ।

## ਵਿਵਾਦ

ਜੇ ਤੁਸੀਂ ਕਿਸੇ ਲਾਭ ਦੀ ਯੋਗਤਾ ਜਾਂ ਕਵਰੇਜ ਦੇ ਫੈਸਲੇ ਨਾਲ ਸਹਿਮਤ ਨਹੀਂ ਹੋ, ਤਾਂ ਤੁਹਾਡੇ ਲਈ ਵਿਵਾਦ ਕਰਨ ਦੀਆਂ ਚੋਣਾਂ ਹਨ।

### ਆਪਣੇ ਕਲੇਮ ਦੇ ਨੁਮਾਇੰਦਿਆਂ ਨਾਲ ਗੱਲ ਕਰੋ।

ਪਹਿਲਾ ਕਦਮ ਆਪਣੇ ਸਹਾਇਤਾ ਅਤੇ ਰਿਕਵਰੀ ਮਾਹਰ ਨਾਲ ਗੱਲ ਕਰਨਾ ਹੈ। ਇਹ ਮਹੱਤਵਪੂਰਣ ਹੈ ਕਿ ਤੁਸੀਂ ਧਿਆਨ ਵਿੱਚ ਰੱਖੇ ਗਏ ਸਾਰੇ ਤੱਥਾਂ ਨੂੰ ਸਮਝਦੇ ਹੋ ਅਤੇ ਇਹ ਤੁਹਾਡੇ ਲਈ ਕਿਸੇ ਵੀ ਅਣਡਿੱਠ ਕੀਤੀ ਗਈ ਚੀਜ਼ ਵੱਲ ਧਿਆਨ ਦਿਵਾਉਣ ਅਤੇ ਲਾਭਾਂ ਤੋਂ ਇਨਕਾਰ ਕਰਨ ਦੇ ਕਾਰਨਾਂ ਬਾਰੇ ਸਵਾਲ ਪੁੱਛਣ ਦਾ ਮੌਕਾ ਹੈ।

ਜੇ ਤੁਸੀਂ ਅਜੇ ਵੀ ਸੰਤੁਸ਼ਟ ਨਹੀਂ ਹੋ, ਤਾਂ ਉਨ੍ਹਾਂ ਦੇ ਮੈਨੇਜਰ ਨਾਲ ਗੱਲ ਕਰਨ ਲਈ ਪੁੱਛੋ। ਮੈਨੇਜਰ ਹਾਲਾਤ ਦੀ ਸਮੀਖਿਆ ਕਰੇਗਾ ਅਤੇ ਤੁਹਾਡੇ ਮੁੱਦਿਆਂ ਨੂੰ ਤਵੱਜੋਂ ਦੇਵੇਗਾ।

### ਕਲੇਮ ਦੇ ਫੈਸਲੇ ਦੀ ਸਮੀਖਿਆ ਲਈ ਪੁੱਛੋ

ਜੇ ਤੁਹਾਡੇ ਸਹਾਇਤਾ ਅਤੇ ਰਿਕਵਰੀ ਮਾਹਰ ਅਤੇ ਉਨ੍ਹਾਂ ਦੇ ਮੈਨੇਜਰ ਨਾਲ ਗੱਲ ਕਰਨ ਤੋਂ ਬਾਅਦ ਵੀ ਮਸਲਾ ਹੱਲ ਨਹੀਂ ਹੁੰਦਾ ਤਾਂ ਤੁਸੀਂ ਇਸ ਨੂੰ ਕਲੇਮਜ਼ ਡਿਸੀਜਨ ਰਿਵਿਊ (CDR) ਕੋਲ ਭੇਜਣ ਲਈ ਕਹਿ ਸਕਦੇ ਹੋ। ਇਸ ਸਮੀਖਿਆ ਪ੍ਰਕਿਰਿਆ ਦੀ ਸਾਡੇ ਫੇਅਰ ਪ੍ਰੈਕਟਿਸਜ਼ ਆਫਿਸ (ਨਿਰਪੱਖ ਵਿਹਾਰ ਨਾਲ ਸੰਬੰਧਿਤ ਦਫਤਰ) ਵੱਲੋਂ ਨਿਗਰਾਨੀ ਕੀਤੀ ਜਾਂਦੀ ਹੈ, ਅਤੇ ਇਹ ਸਾਡੇ ਕਲੇਮਾਂ ਨੂੰ ਸੰਭਾਲਣ ਵਾਲੇ ਖੇਤਰ ਤੋਂ ਵੱਖਰਾ ਹੈ।

ਇੱਕ ਟੀਮ ਤੁਹਾਡੇ ਹਾਲਾਤਾਂ ਅਤੇ ਤੁਹਾਡੇ ਕਲੇਮ ਨਾਲ ਸੰਬੰਧਿਤ ਸਾਰੇ ਦਸਤਾਵੇਜ਼ਾਂ ਦੀ ਸਮੀਖਿਆ ਕਰੇਗੀ ਅਤੇ ਹੋਰ ਜਾਣਕਾਰੀ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੀ ਹੈ। ਉਹ ਤੁਹਾਨੂੰ ਸਮੀਖਿਆ ਦਾ ਨਤੀਜਾ, ਜਿੰਨੀ ਜਲਦੀ ਇਹ ਪੂਰਾ ਹੋ ਜਾਵੇ, ਆਮ ਤੌਰ 'ਤੇ ਇਕ ਮਹੀਨੇ ਦੇ ਅੰਦਰ ਲਿਖਤੀ ਤੌਰ 'ਤੇ ਭੇਜਣਗੇ।

ਨਿਰਪੱਖਤਾ ਪ੍ਰਕਿਰਿਆ ਬਾਰੇ ਵਧੇਰੇ ਜਾਣਕਾਰੀ icbc.com 'ਤੇ ਉਪਲਬਧ ਹੈ।

## ਵਿਵਾਦਾਂ ਲਈ ਹੋਰ ਚੋਣਾਂ

ਗਾਹਕਾਂ ਦੇ ਵਿਵਾਦਾਂ ਲਈ ਆਈ ਸੀ ਬੀ ਸੀ ਤੋਂ ਵੱਖਰੀਆਂ ਹੋਰ ਵੀ ਚੋਣਾਂ ਉਪਲਬਧ ਹਨ।

### ਸਿਵਲ ਰੈਜ਼ੋਲਿਊਸ਼ਨ ਟ੍ਰਿਬਿਊਨਲ

ਸਿਵਲ ਰੈਜ਼ੋਲਿਊਸ਼ਨ ਟ੍ਰਿਬਿਊਨਲ (CRT) ਆਈ ਸੀ ਬੀ ਸੀ ਤੋਂ ਸੁਤੰਤਰ ਇੱਕ ਫੈਸਲਾ ਲੈਣ ਵਾਲੀ ਸੰਸਥਾ ਹੈ। ਜੇ ਤੁਸੀਂ ਆਪਣੇ ਕਲੇਮ ਦੇ ਕਿਸੇ ਪਹਿਲੂ ਜਿਵੇਂ ਕਿ ਇਨਹਾਂਸਡ ਐਕਸੀਡੈਂਟ ਲਾਭ ਲਈ ਤੁਹਾਡੀ ਯੋਗਤਾ, ਨਾਲ ਸਹਿਮਤ ਨਹੀਂ ਹੋ ਤਾਂ ਤੁਸੀਂ ਝਗੜੇ ਦੇ ਹੱਲ ਲਈ ਸੀ ਆਰ ਟੀ ਨੂੰ ਅਰਜ਼ੀ ਦੇ ਸਕਦੇ ਹੋ।

ਸੀ ਆਰ ਟੀ ਪਬਲਿਕ ਨਿਆਂ ਪ੍ਰਣਾਲੀ ਦਾ ਹਿੱਸਾ ਹੈ ਅਤੇ ਇਸ ਦੇ ਮਾਹਰ ਟ੍ਰਿਬਿਊਨਲ ਮੈਂਬਰ ਸੁਤੰਤਰ ਅਤੇ ਨਿਰਪੱਖ ਹਨ। ਇਹ ਕਾਨੂੰਨ ਅਪਲਾਈ ਕਰਨ ਅਤੇ ਲਾਗੂ ਕਰਨ ਯੋਗ ਨਿਰਣੇ ਲੈਣ ਲਈ ਜ਼ਰੂਰੀ ਹੈ।

ਜੇ ਤੁਸੀਂ ਜਾਂ ਆਈ ਸੀ ਬੀ ਸੀ, ਸੀ. ਆਰ. ਟੀ. ਦੇ ਫੈਸਲੇ ਨਾਲ ਸਹਿਮਤ ਨਹੀਂ ਹੋ, ਤਾਂ ਤੁਸੀਂ ਬੀ.ਸੀ. ਸੁਪਰੀਮ ਕੋਰਟ ਨੂੰ ਫੈਸਲੇ ਦੀ ਨਿਆਇਕ ਸਮੀਖਿਆ ਲਈ ਕਹਿ ਸਕਦੇ ਹੋ। ਸੀ.ਆਰ.ਟੀ. ਬਾਰੇ ਹੋਰ ਜਾਣਕਾਰੀ ਲਓ: civilresolutionbc.ca।

## ਨਿਰਪੱਖਤਾ ਅਧਿਕਾਰੀ

ਨਿਰਪੱਖਤਾ ਅਧਿਕਾਰੀ ਕੋਲ ਗਾਹਕਾਂ ਦੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਲਈ ਉਸ ਪਾਲਿਸੀ ਅਤੇ ਅਮਲ ਦੀ ਸਮੀਖਿਆ ਕਰਨ ਅਤੇ ਉਨ੍ਹਾਂ ਬਾਰੇ ਸਿਫਾਰਿਸ਼ਾਂ ਕਰਨ ਦਾ ਅਧਿਕਾਰ ਹੋਵੇਗਾ ਜੋ ਆਈ ਸੀ ਬੀ ਸੀ ਉਹਨਾਂ ਦੇ ਕੇਸ ਵਿੱਚ ਫੈਸਲਾ ਲੈਣ ਲਈ ਵਰਤਦੀ ਹੈ। ਵਧੇਰੇ ਜਾਣਕਾਰੀ icbc.com 'ਤੇ ਉਪਲਬਧ ਹੈ।

## ਬੀ ਸੀ ਓਮਬਡਸਪਰਸਨ

ਓਮਬਡਸਰਸਨ ਦਾ ਦਫਤਰ ਇਹ ਨਿਰਧਾਰਤ ਕਰਨ ਵਿੱਚ ਸਹਾਇਤਾ ਕਰਦਾ ਹੈ ਕਿ ਕੀ ਬੀ.ਸੀ. ਦੀਆਂ ਸੂਬਾਈ ਅਤੇ ਸਥਾਨਕ ਜਨਤਕ ਅਥਾਰਟੀਆਂ ਨੇ ਨਿਰਪੱਖ ਅਤੇ ਉਚਿਤ ਢੰਗ ਨਾਲ ਕੰਮ ਕੀਤਾ ਹੈ - ਅਤੇ ਕੀ ਉਨ੍ਹਾਂ ਦੇ ਕੰਮ ਅਤੇ ਫੈਸਲੇ ਸੰਬੰਧਤ ਕਾਨੂੰਨ, ਨੀਤੀਆਂ ਅਤੇ ਕਾਰਜ ਪ੍ਰਣਾਲੀਆਂ ਦੇ ਅਨੁਕੂਲ ਸਨ।

ਸੂਬਾਈ ਵਿਧਾਨ ਸਭਾ ਦਾ ਇੱਕ ਸੁਤੰਤਰ ਵਿਧਾਨਿਕ ਦਫਤਰ ਹੋਣ ਦੇ ਨਾਤੇ, ਇਸ ਦੀਆਂ ਸੇਵਾਵਾਂ ਮੁਫਤ ਹਨ। ਓਮਬਡਸਪਰਸਨ ਵੈਬਸਾਈਟ ਦੇ ਆਫਿਸ bcombudsperson.ca ਤੋਂ ਵਧੇਰੇ ਜਾਣਕਾਰੀ ਲਓ।

## ਵਧੇਰੇ ਜਾਣਕਾਰੀ

ਵਿਵਾਦਾਂ ਅਤੇ ਅਪੀਲਾਂ ਬਾਰੇ ਵਧੇਰੇ ਜਾਣਕਾਰੀ ਲਈ icbc.com/claims ਵੇਖੋ।

# ਅਪਰਾਧਿਕ ਦੋਸ਼-ਸਿੱਧੀਆਂ ਲਈ ਪਾਬੰਦੀਆਂ

## ਅਪਰਾਧਿਕ ਕੋਡ ਦੋਸ਼-ਸਿੱਧੀਆਂ ਅਤੇ ਇਨਕਮ ਰਿਲਪੇਸਮੈਂਟ ਲਾਭ

ਨਿਰਧਾਰਤ ਜੁਰਮਾਂ ਦੀਆਂ ਦੋਸ਼-ਸਿੱਧੀਆਂ ਦੇ ਨਤੀਜੇ ਵਜੋਂ ਇਨਕਮ ਰਿਪਲੇਸਮੈਂਟ, ਪੱਕੀ ਇਮਪੇਅਰਮੈਂਟ ਅਤੇ ਡੈੱਥ ਬੈਨੀਫਿਟ (ਮੌਤ ਹੋਣ 'ਤੇ ਮਿਲਣ ਵਾਲੇ ਲਾਭ) ਵਿੱਚ ਕਮੀ ਆਵੇਗੀ।

ਤੁਹਾਡਾ ਸਹਾਇਤਾ ਅਤੇ ਰਿਕਵਰੀ ਮਾਹਰ ਜੇ ਜ਼ਰੂਰੀ ਹੋਏ ਤਾਂ ਹੋਰ ਵੇਰਵੇ ਪ੍ਰਦਾਨ ਕਰ ਸਕਦਾ ਹੈ। ਹੋਰ ਕਿਸੇ ਲਾਭ 'ਤੇ ਇਸ ਦਾ ਕੋਈ ਪ੍ਰਭਾਵ ਨਹੀਂ ਪੈਂਦਾ।

ਅਪਰਾਧਿਕ ਕੋਡ ਦੀਆਂ ਹੋਰ ਵੀ ਦੋਸ਼-ਸਿੱਧੀਆਂ ਹਨ, ਜਿਹਨਾਂ ਲਈ ਟੱਕਰ ਤੋਂ ਬਾਦ ਦੇ ਪਹਿਲੇ 12 ਮਹੀਨਿਆਂ ਲਈ ਇਨਕਮ ਰਿਪਲੇਸਮੈਂਟ ਲਾਭ ਘੱਟ ਜਾਵੇਗਾ। ਇਹਨਾਂ ਮਾਮਲਿਆਂ ਵਿੱਚ ਦੋ ਕਾਰਕ ਪ੍ਰਭਾਵਿਤ ਕਰਨਗੇ ਕਿ ਇਨਕਮ ਰਿਪਲੇਸਮੈਂਟ ਲਾਭ ਕਿੰਨਾ ਘੱਟ ਹੋਵੇਗਾ:

» ਦੋਸ਼

» ਨਿਰਭਰਾਂ ਦੀ ਸੰਖਿਆ

## ਯੂ.ਐੱਸ ਵਿਚਲੀਆਂ ਦੋਸ਼ ਸਿੱਧੀਆਂ

ਜੇ ਤੁਹਾਨੂੰ ਐਕਸੀਡੈਂਟ ਨਾਲ ਸੰਬੰਧਿਤ ਜੁਰਮ ਲਈ ਯੂਨਾਈਟਡ ਸਟੇਟਸ ਵਿੱਚ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਇਸ ਦਾ ਇਨਕਮ ਰਿਪਲੇਸਮੈਂਟ ਲਾਭ 'ਤੇ ਉਸ ਤਰ੍ਹਾਂ ਦਾ ਹੀ ਪ੍ਰਭਾਵ ਪਵੇਗਾ ਜਿਸ ਤਰ੍ਹਾਂ ਦਾ ਪ੍ਰਭਾਵ ਕੈਨੇਡਾ ਵਿੱਚ ਹੋਏ ਜੁਰਮ ਨਾਲ ਪੈਂਦਾ ਹੈ।

## ਅਪਰਾਧਿਕ ਕੋਡ ਦੀਆਂ ਦੋਸ਼-ਸਿੱਧੀਆਂ ਅਤੇ ਪੱਕੀ ਇਮਪੇਅਰਮੈਂਟ

ਜੇ ਤੁਹਾਨੂੰ ਅਪਰਾਧਿਕ ਕੋਡ ਦੇ ਕੁਝ ਜੁਰਮਾਂ ਲਈ ਦੋਸ਼ੀ ਕਰਾਰ ਦਿੱਤਾ ਜਾਂਦਾ ਹੈ, ਤਾਂ ਤੁਸੀਂ ਪੱਕੀ ਇਮਪੇਅਰਮੈਂਟ ਲਈ ਕੁਝ ਜਾਂ ਸਾਰੀ ਰਾਸ਼ੀ ਲਈ ਆਪਣੀ ਯੋਗਤਾ ਗੁਆ ਸਕਦੇ ਹੋ। ਇਹ ਅਪਰਾਧਿਕ ਕੋਡ ਦੀ ਦੋਸ਼-ਸਿੱਧੀ ਦੇ ਸੁਭਾਅ ਅਤੇ ਇਸ 'ਤੇ ਨਿਰਭਰ ਕਰਦਾ ਹੈ ਕਿ ਟੱਕਰ ਲਈ ਕੌਣ ਜ਼ਿੰਮੇਵਾਰ ਸੀ।

# ਪਾਬੰਦੀਆਂ ਦੇ ਹੋਰ ਕਾਰਨ

**ਕੁਝ ਅਪਰਾਧਿਕ ਕੋਡ ਦੀਆਂ ਦੋਸ਼-ਸਿੱਧੀਆਂ ਦੇ ਨਾਲ ਤੁਹਾਡੀ ਕਵਰੇਜ ਨੂੰ ਘੱਟ, ਮਲਤਵੀ ਜਾਂ ਬੰਦ ਕੀਤਾ ਜਾ ਸਕਦਾ ਹੈ ਜੇਕਰ ਤੁਸੀਂ:**

» ਜਾਣ ਬੁਝ ਕੇ ਸਾਨੂੰ ਝੂਠੀ ਜਾਂ ਗਲਤ ਜਾਣਕਾਰੀ ਪ੍ਰਦਾਨ ਕਰੋ।

» ਜਾਣਕਾਰੀ ਦੇਣ ਤੋਂ ਇਨਕਾਰ ਕਰੋ ਜਾਂ ਜਾਣਕਾਰੀ ਦੇਣ ਵਿੱਚ ਅਣਗਹਿਲੀ ਵਰਤੋ ਜਾਂ ਲਿਖਤੀ ਤੌਰ ‘ਤੇ ਬੇਨਤੀ ਕਰਨ ‘ਤੇ ਬਿਨਾਂ ਕਿਸੇ ਸਹੀ ਕਾਰਨ ਦੇ ਜਾਣਕਾਰੀ ਪ੍ਰਾਪਤ ਕਰਨ ਦੀ ਮਨਜ਼ੂਰੀ ਦੇਣ ਤੋਂ ਇਨਕਾਰ ਕਰੋ।

**ਅਤੇ ਜੇ ਬਿਨਾਂ ਕਿਸੇ ਸਹੀ ਕਾਰਨ, ਤੁਸੀਂ:**

» ਆਪਣੇ ਪੁਰਾਣੇ ਰੁਜ਼ਗਾਰ 'ਤੇ ਵਾਪਸ ਜਾਣ ਤੋਂ ਇਨਕਾਰ ਕਰੋ, ਉਹ ਨੌਕਰੀ ਛੱਡੋ ਜਿਸ ਨੂੰ ਤੁਸੀਂ ਜਾਰੀ ਰੱਖ ਸਕਦੇ ਹੋ, ਜਾਂ ਨਵੇਂ ਰੁਜ਼ਗਾਰ ਤੋਂ ਇਨਕਾਰ ਕਰੋ।

» ਆਈ ਸੀ ਬੀ ਸੀ ਦੁਆਰਾ ਮੰਗੀ ਡਾਕਟਰੀ ਜਾਂਚ ਕਰਾਉਣ ਤੋਂ ਇਨਕਾਰ ਕਰੋ, ਜਾਂਚ ਕਰਾਉਣ ਵਿੱਚ ਅਣਗਹਿਲੀ ਵਰਤੋ ਜਾਂ ਉਸ ਵਿੱਚ ਵਿਘਨ ਪਾਓ

» ਮੈਡੀਕਲ ਪ੍ਰੈਕਟੀਸ਼ਨਰ ਅਤੇ ਆਈ ਸੀ ਬੀ ਸੀ ਦੁਆਰਾ ਸਿਫਾਰਸ਼ ਕੀਤੇ ਡਾਕਟਰੀ ਇਲਾਜ ਤੋਂ ਇਨਕਾਰ ਕਰੋ, ਉਸ ਦਾ ਪਾਲਣ ਨਾ ਕਰੋ ਜਾਂ ਉਸ ਲਈ ਉਪਲਬਧ ਨਾ ਹੋਵੋ।

» ਆਪਣੀ ਰਿਕਵਰੀ ਨੂੰ ਜਾਣ ਬੁੱਝ ਕੇ ਰੋਕੋ ਜਾਂ ਉਸ ਵਿੱਚ ਦੇਰੀ ਕਰੋ।

» ਆਈ ਸੀ ਬੀ ਸੀ ਦੁਆਰਾ ਉਪਲਬਧ ਕਰਵਾਏ ਗਏ ਮੁੜ-ਵਸੇਬੇ ਦੇ ਪ੍ਰੋਗਰਾਮ ਵਿਚ ਹਿੱਸਾ ਨਾ ਲਓ ਜਾਂ ਹਿੱਸਾ ਲੈਣ ਤੋਂ ਇਨਕਾਰ ਕਰੋ।

» ਇਸ ਐਕਟ ਦੇ ਅਧੀਨ ਆਈ ਸੀ ਬੀ ਸੀ ਨੂੰ ਕਾਨੂੰਨੀ ਤੌਰ 'ਤੇ ਤੀਜੀ ਧਿਰ ਤੋਂ ਮੁਆਵਜ਼ਾ ਪ੍ਰਾਪਤ ਕਰਨ (ਸਬਰੋਗੇਸ਼ਨ) ਜਾਂ ਵਸੂਲੀ ਕਰਨ ਤੋਂ ਰੋਕੋ ਜਾਂ ਉਸ ਵਿੱਚ ਵਿਘਨ ਪਾਉ।

# ਸਾਨੂੰ ਸੰਪਰਕ ਕਰੋ

**ਜੇ ਤੁਹਾਨੂੰ ਮਦਦ ਦੀ ਜ਼ਰੂਰਤ ਹੈ, ਕਿਰਪਾ ਕਰਕੇ ਆਪਣੇ ਸਹਾਇਤਾ ਅਤੇ ਰਿਕਵਰੀ ਮਾਹਰ ਨੂੰ ਸਿੱਧਾ ਫੋਨ ਕਰੋ ਜਾਂ ਸਾਡੇ ਨਾਲ ਸੰਪਰਕ ਕਰੋ:**

604-520-8222 (ਲੋਅਰ ਮੇਨਲੈਂਡ)

1-800-910-4222 (ਟੋਲ ਫਰੀ)

ਤੁਸੀਂ icbc.com 'ਤੇ ਬਹੁਤ ਸਾਰੇ ਪ੍ਰਸ਼ਨਾਂ ਦੇ ਜਵਾਬ ਲੈ ਸਕਦੇ ਹੋ ਅਤੇ ਜੇ ਤੁਸੀਂ ਸਾਡੇ ਕੋਲ ਕੋਈ ਕਲੇਮ ਦਾਇਰ ਕੀਤਾ ਹੈ, ਤਾਂ ਤੁਸੀਂ **ਕਿਸੇ ਵੀ ਸਮੇਂ ਆਪਣੇ ਕਲੇਮ ਦੇ ਵੇਰਵਿਆਂ ਦੀ ਜਾਂਚ** ਕਰ ਸਕਦੇ ਹੋ।

# ਡਿਸਕਲੇਮਰ

ਇਸ ਪ੍ਰਕਾਸ਼ਨ ਦੀ ਜਾਣਕਾਰੀ ਦਾ ਉਦੇਸ਼ ਸਿਰਫ ਆਮ ਜਾਣਕਾਰੀ ਪ੍ਰਦਾਨ ਕਰਨਾ ਹੈ ਅਤੇ ਇਸ ਦਾ ਉਦੇਸ਼ ਕਵਰੇਜ, ਕਾਨੂੰਨੀ ਜਾਂ ਪੇਸ਼ੇਵਰ ਸਲਾਹ ਦੇਣਾ ਨਹੀਂ ਹੈ। ਅਸੀਂ ਇਨਹਾਂਸਡ ਐਕਸੀਡੈਂਟ ਲਾਭਾਂ ਨੂੰ ਸਮਝਣ ਅਤੇ ਇਨਹਾਂਸਡ ਐਕਸੀਡੈਂਟ ਲਾਭਾਂ ਨਾਲ ਸੰਬੰਧਿਤ ਕੁਝ ਕਾਨੂੰਨਾਂ ਦਾ ਵਰਣਨ ਕਰਨ ਲਈ ਸਾਧਾਰਣ ਭਾਸ਼ਾ ਦੀ ਵਰਤੋਂ ਕੀਤੀ ਹੈ। ਇਸ ਦਸਤਾਵੇਜ਼ ਵਿੱਚ ਜਾਣਕਾਰੀ ਬਿਨਾਂ ਨੋਟਿਸ ਦੇ ਬਦਲੀ ਜਾ ਸਕਦੀ ਹੈ। ਤੁਹਾਨੂੰ ਮੌਜੂਦਾ ਲਾਗੂ ਕਾਨੂੰਨਾਂ ਅਤੇ ਨਿਯਮਾਂ ਦੇ ਵਧੇਰੇ ਵਿਸਥਾਰਪੂਰਵਕ ਸ਼ਬਦਾਂ ਅਤੇ ਜ਼ਰੂਰਤਾਂ ਦਾ ਪਾਲਣ ਕਰਨਾ ਚਾਹੀਦਾ ਹੈ, ਭਾਵੇਂ ਉਹ ਇਸ ਪ੍ਰਕਾਸ਼ਨ ਵਿਚ ਦਿੱਤੇ ਸ਼ਬਦਾਂ ਅਤੇ ਜ਼ਰੂਰਤਾਂ ਦਾ ਖੰਡਨ ਕਰਦੇ ਹੋਣ।